# Punjab Government Gazette

## EXTRAORDINARY

*Published by Authority*

CHANDIGARH, TUESDAY, SEPTEMBER 23, 2025

(ASVINA 1, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਨਗਰਪਾਲਕਾਵਾਂ ਵਿੱਚ ਸਮੂਹਕ ਭਾਗੀਦਾਰੀ ਐਕਟ, 2013 (2013 ਦਾ ਪੰਜਾਬ ਐਕਟ ਨੰ. 34) | ...521-530 |
| | 2. ਪੰਜਾਬ ਰਾਜ ਖੇਤੀਬਾੜੀ ਸਿੱਖਿਆ ਪ੍ਰਸ਼ਿਦ ਐਕਟ, 2017 (2018 ਦਾ ਪੰਜਾਬ ਐਕਟ ਨੰ. 1) | ...531-548 |
| | 3. ਪੰਜਾਬ ਸ਼ਹਿਰੀ ਆਵਾਜਾਈ ਫ਼ੰਡ ਐਕਟ, 2019 (2019 ਦਾ ਪੰਜਾਬ ਐਕਟ ਨੰ. 13) | ...549-560 |
| | 4. ਪੰਜਾਬ ਨਗਰਪਾਲਕ ਸੰਪੱਤੀਆਂ ਦਾ ਪ੍ਰਬੰਧਨ ਅਤੇ ਤਬਾਦਲਾ ਐਕਟ, 2020 (2020 ਦਾ ਪੰਜਾਬ ਐਕਟ ਨੰ. 8) | ...561-578 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

ਭਾਗ-**I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 23 ਸਤੰਬਰ, 2025

ਨੰ: 40/ਭ.ਕ./2025.- ਪੰਜਾਬ ਨਗਰਪਾਲਕਾਵਾਂ ਵਿੱਚ ਸਮੂਹਕ ਭਾਗੀਦਾਰੀ ਐਕਟ, 2013 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 23rd September, 2025

**No. 40/L.C./2025.**- The Translation in Punjabi of the Punjab Community Participation in Municipalities Act, 2013 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਨਗਰਪਾਲਕਾਵਾਂ ਵਿੱਚ ਸਮੂਹਕ ਭਾਗੀਦਾਰੀ ਐਕਟ, 2013

(2013 ਦਾ ਪੰਜਾਬ ਐਕਟ ਨੰ: 34)

ਨਗਰਪਾਲਕਾਵਾਂ ਦੇ ਕੁੱਝ ਕਾਰਜਾਂ ਅਤੇ ਕਰੱਤਵਾਂ ਨੂੰ ਕਰਨ ਅਤੇ ਨਿਭਾਉਣ ਲਈ ਅਤੇ ਖੇਤਰ ਸਭਾਵਾਂ ਅਤੇ ਵਾਰਡ ਕਮੇਟੀਆਂ ਦੀ ਸਥਾਪਨਾ ਕਰਨ ਲਈ ਅਤੇ ਇਸ ਨਾਲ ਸਬੰਧਤ ਜਾਂ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਸਮੂਹਕ ਭਾਗੀਦਾਰੀ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਨਗਰਪਾਲਕਾਵਾਂ ਵਿੱਚ ਸਮੂਹਕ ਭਾਗੀਦਾਰੀ ਐਕਟ, 2013 ਕਿਹਾ ਜਾ ਸਕੇਗਾ। ਸੰਖੇਪ ਨਾਂ, ਲਾਗੂ ਹੋਣਾ ਅਤੇ ਅਰੰਭ।

(2) ਇਹ ਪੰਜਾਬ ਰਾਜ ਦੀਆਂ ਸਾਰੀਆਂ ਨਗਰਪਾਲਕਾਵਾਂ 'ਤੇ ਲਾਗੂ ਹੋਵੇਗਾ।

(3) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਖੇਤਰ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਨਿਰਧਾਰਤ ਖੇਤਰ;

(ਅ) "ਖੇਤਰ ਸਭਾ" ਦਾ ਮਤਲਬ ਹੈ ਇੱਕ ਖੇਤਰ ਦੇ ਸਬੰਧ ਵਿੱਚ, ਉਸ ਖੇਤਰ ਵਿੱਚ ਹਰੇਕ ਪੋਲਿੰਗ ਕੇਂਦਰ ਨਾਲ ਸਬੰਧਤ ਚੋਣਕਾਰ ਸੂਚੀ ਵਿੱਚ ਦਰਜ ਸਾਰੇ ਵਿਅਕਤੀਆਂ ਦੀ ਬਾਡੀ;

(ੲ) "ਬਜਟ ਸਾਲ" ਦਾ ਮਤਲਬ ਹੈ ਉਹ ਮੁੱਦਤ ਜਿਸ ਲਈ ਸਰਕਾਰ ਸਲਾਨਾ ਵਿੱਤੀ ਵਿਵਰਣ ਨਿਯਤ ਕਰਦੀ ਹੈ;

(ਸ) "ਚੇਅਰਪਰਸਨ" ਦਾ ਮਤਲਬ ਹੈ ਵਾਰਡ ਕਮੇਟੀ ਦਾ ਚੇਅਰਪਰਸਨ;

(ਹ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਸਥਾਨਕ ਸਰਕਾਰ ਵਿਭਾਗ;

(ਕ) "ਨਗਰਪਾਲਕ ਖੇਤਰ" ਦਾ ਮਤਲਬ ਹੈ ਪੰਜਾਬ ਨਗਰਪਾਲਕ ਐਕਟ, 1911 (1911 ਦਾ ਪੰਜਾਬ ਐਕਟ 3) ਦੀ ਧਾਰਾ 3 ਦੇ ਖੰਡ (8-ੲ) ਅਤੇ ਪੰਜਾਬ ਨਗਰ ਨਿਗਮ ਐਕਟ, 1976 (1976 ਦਾ ਪੰਜਾਬ ਐਕਟ 42) ਦੀ ਧਾਰਾ 2 ਦੇ ਖੰਡ (25-ਅ) ਵਿੱਚ ਪਰਿਭਾਸ਼ਤ ਨਗਰਪਾਲਕ ਖੇਤਰ;

(ਖ) "ਨਗਰਪਾਲਕਾ" ਦਾ ਮਤਲਬ ਹੈ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243ਠ ਅਧੀਨ ਗਠਤ ਕੀਤੀ ਗਈ ਸਵੈ-ਸਰਕਾਰ ਦੀ ਸੰਸਥਾ;

(ਗ) "ਪ੍ਰਤੀਨਿਧ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 4 ਅਧੀਨ ਨਾਮਜ਼ਦ ਖੇਤਰ ਸਭਾ ਦਾ ਪ੍ਰਤੀਨਿਧ;

(ਘ) "ਵਾਰਡ" ਦਾ ਮਤਲਬ ਹੈ ਨਗਰਪਾਲਕ ਖੇਤਰ ਦਾ ਪ੍ਰਦੇਸ਼ਕ ਚੋਣ ਹਲਕਾ ਜੋ ਸਿੱਧੀ ਚੋਣ ਦੁਆਰਾ ਚੁਣੇ ਜਾਣ ਵਾਲੇ ਵਿਅਕਤੀਆਂ ਦੇ ਪ੍ਰਯੋਜਨਾਂ ਲਈ ਵੰਡਿਆ ਗਿਆ ਹੈ; ਅਤੇ

(ਙ) "ਵਾਰਡ ਕਮੇਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 10 ਅਧੀਨ ਰਾਜ ਸਰਕਾਰ ਦੁਆਰਾ ਗਠਤ ਕੀਤੀ ਗਈ ਵਾਰਡ ਕਮੇਟੀ।

ਖੇਤਰ ਨਿਰਧਾਰਨ ਕਰਨਾ।

3. (1) ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਜਾਂ ਨਗਰਪਾਲਕਾ ਦੇ ਗਠਨ ਦੀ ਤਰੀਕ ਤੋਂ ਅੱਠ ਹਫ਼ਤਿਆਂ ਦੀ ਮੁੱਦਤ ਅੰਦਰ, ਜਿਹੀ ਕਿ ਸੂਰਤ ਹੋਵੇ, ਸਰਕਾਰ ਇੱਕ ਹੁਕਮ ਦੁਆਰਾ ਇਹ ਨਿਰਧਾਰਤ ਕਰੇਗੀ ਕਿ ਹਰੇਕ ਵਾਰਡ ਕਿੰਨੇ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ, ਜੋ ਤਿੰਨ ਤੋਂ ਘੱਟ ਨਹੀਂ ਹੋਵੇਗਾ, ਪਰ ਕਿਸੇ ਵੀ ਸੂਰਤ ਵਿੱਚ ਦਸ ਤੋਂ ਵੱਧ ਨਹੀਂ ਹੋਵੇਗਾ।

(2) ਉਪ-ਧਾਰਾ (1) ਅਧੀਨ ਖੇਤਰਾਂ ਦੇ ਨਿਰਧਾਰਤ ਕਰਨ ਦੇ ਤੁਰੰਤ, ਨਗਰਪਾਲਕਾ ਹਰੇਕ ਖੇਤਰ ਦੇ ਪ੍ਰਦੇਸ਼ਕ ਵਿਸਤਾਰ ਨੂੰ ਵਰਗੀਕਰਣ ਕਰੇਗੀ, ਜਿਸ ਵਿੱਚ ਜ਼ਰੂਰੀ ਤੌਰ ਤੇ ਉਹ ਸਾਰਾ ਭੂਗੋਲਿਕ ਰਾਜ ਖੇਤਰ ਸ਼ਾਮਲ ਹੋਵੇਗਾ ਜਿਸ ਵਿੱਚ ਉਹ ਸਾਰੇ ਵਿਅਕਤੀ, ਜੋ ਅਜਿਹੇ ਰਾਜ ਖੇਤਰ ਵਿੱਚ ਕਿਸੇ ਪੋਲਿੰਗ ਸਟੇਸ਼ਨ ਦੇ ਚੋਣ ਸੂਚੀ ਵਿੱਚ ਵਰਣਤ ਉਸ ਖੇਤਰ ਦੇ ਆਮ ਤੌਰ ਤੇ ਨਿਵਾਸੀ ਹਨ, ਜਾਂ, ਜੇ ਨਗਰਪਾਲਕਾ ਇਸ ਤਰ੍ਹਾਂ ਫ਼ੈਸਲਾ ਕਰਦੀ ਹੈ, ਤਾਂ ਦੋ ਜਾਂ ਵੱਧ ਨੇੜਲੇ ਪੋਲਿੰਗ ਸਟੇਸ਼ਨ, ਅਜਿਹੇ ਖੇਤਰ ਵਿੱਚ ਪੰਜ ਤੋਂ ਵੱਧ ਨਹੀਂ ਹੋਣਗੇ।

4. ਇਸ ਐਕਟ ਦੀ ਧਾਰਾ 3 ਦੀ ਉਪ-ਧਾਰਾ (2) ਅਧੀਨ ਖੇਤਰ ਦੇ ਪ੍ਰਦੇਸ਼ਕ ਵਿਸਤਾਰ ਦੇ ਵਰਗੀਕਰਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ, ਸਰਕਾਰ ਦੁਆਰਾ ਹਰੇਕ ਖੇਤਰ ਲਈ ਇੱਕ ਪ੍ਰਤੀਨਿਧ ਨੂੰ ਨਾਮਜ਼ਦ ਕੀਤਾ ਜਾਵੇਗਾ: ਪ੍ਰਤੀਨਿਧ ਦੀ ਨਾਮਜ਼ਦਗੀ

ਪਰੰਤੂ ਕੋਈ ਵੀ ਵਿਅਕਤੀ ਪ੍ਰਤੀਨਿਧ ਵਜੋਂ ਨਾਮਜ਼ਦ ਨਹੀਂ ਕੀਤਾ ਜਾਵੇਗਾ, ਜੇ ਉਹ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 (1994 ਦਾ ਪੰਜਾਬ ਐਕਟ 19) ਦੀ ਧਾਰਾ 11 ਅਧੀਨ ਨਗਰਪਾਲਕਾ ਦੇ ਮੈਂਬਰ ਵਜੋਂ ਚੁਣੇ ਜਾਣ ਅਤੇ ਮੈਂਬਰ ਹੋਣ ਲਈ ਅਯੋਗ ਠਹਿਰਾਇਆ ਗਿਆ ਹੈ।

5. ਹਰੇਕ ਪ੍ਰਤੀਨਿਧ ਨਗਰਪਾਲਕਾ ਦੀ ਅਉਧ ਦੇ ਨਾਲ ਸਮਵਿਸਤਾਰੀ ਦੌਰਾਨ ਅਹੁਦਾ ਧਾਰਨ ਕਰੇਗਾ: ਪ੍ਰਤੀਨਿਧ ਦੇ ਅਹੁਦੇ ਦੀ ਅਉਧ।

ਪਰੰਤੂ ਕੋਈ ਵਿਅਕਤੀ ਇਸ ਤਰ੍ਹਾਂ ਅਹੁਦਾ ਧਾਰਨ ਨਹੀਂ ਕਰੇਗਾ, ਜੇ ਕਿਸੇ ਵੀ ਸਮੇਂ, ਆਪਣੇ ਕਾਰਜਕਾਲ ਦੌਰਾਨ, ਉਹ ਇਸ ਐਕਟ ਦੀ ਧਾਰਾ 4 ਦੇ ਪਰੰਤੁਕ ਅਧੀਨ ਉਲਿਖਤ ਕਿਸੇ ਵੀ ਨਾਕਾਬਲੀਅਤਾਂ ਦਾ ਸਾਹਮਣਾ ਕਰਦਾ ਹੈ:

ਪਰੰਤੂ ਇਹ ਹੋਰ ਕਿ ਕੋਈ ਵੀ ਵਿਅਕਤੀ ਇਸ ਤਰਾਂ ਬਣੇ ਰਹਿਣ ਦਾ ਹੱਕਦਾਰ ਨਹੀਂ ਹੋਵੇਗਾ, ਜੇ, ਕਿਸੇ ਵੀ ਸਮੇਂ, ਉਸ ਦਾ ਨਾਮ ਸਬੰਧਤ ਖੇਤਰ ਦੇ ਕਿਸੇ ਵੀ ਪੋਲਿੰਗ ਸਟੇਸ਼ਨ ਦੀ ਚੋਣ ਸੂਚੀ ਵਿੱਚ ਨਹੀਂ ਆਉਂਦਾ ਹੈ।

6. ਨਗਰਪਾਲਕਾ ਦੁਆਰਾ ਨਾਮਜ਼ਦ ਇੱਕ ਅਧਿਕਾਰੀ ਖੇਤਰ ਸਭਾ ਦਾ ਸਕੱਤਰ ਹੋਵੇਗਾ। ਖੇਤਰ ਸਭਾ ਦਾ ਸਕੱਤਰ।

7. ਖੇਤਰ ਸਭਾ ਦੀ ਇਕੱਤਰਤਾ ਇੱਕ ਜਨਤਕ ਥਾਂ 'ਤੇ ਸਾਲ ਵਿੱਚ ਘੱਟੋ-ਘੱਟ ਦੋ ਵਾਰੀ ਹੋਵੇਗੀ, ਇੱਕ ਮਈ ਦੇ 15ਵੇਂ ਦਿਨ ਤੋਂ ਅਰੰਭ ਹੋ ਕੇ ਜੂਨ ਦੇ 15ਵੇਂ ਦਿਨ ਤੱਕ ਮੁੱਦਤ ਦੌਰਾਨ ਖਤਮ ਅਤੇ ਦੂਜੀ ਨਵੰਬਰ ਦੇ 15ਵੇਂ ਦਿਨ ਤੋਂ ਅਰੰਭ ਹੋ ਕੇ ਦਸੰਬਰ ਦੇ 15ਵੇਂ ਦਿਨ ਤੱਕ ਮੁੱਦਤ ਦੌਰਾਨ ਖਤਮ। ਅਜਿਹੀਆਂ ਇਕੱਤਰਤਾਵਾਂ ਲਈ ਕੋਰਮ ਖੇਤਰ ਦੀ ਚੋਣ ਸੂਚੀ ਵਿੱਚ ਦਰਜ ਘੱਟੋ-ਘੱਟ ਦਸ ਪ੍ਰਤੀਸ਼ਤ ਵਿਅਕਤੀ ਹੋਣਗੇ। ਖੇਤਰ ਸਭਾ ਦੀ ਇਕੱਤਰਤਾ।

8. ਇੱਕ ਖੇਤਰ ਸਭਾ, ਆਪਣੀ ਪ੍ਰਬੰਧਕੀ, ਤਕਨੀਕੀ, ਵਿੱਤੀ ਅਤੇ ਸੰਗਠਨਾਤਮਕ ਸਮਰੱਥਾ ਅਤੇ ਨਗਰਪਾਲਕ ਖੇਤਰ ਵਿੱਚ ਪ੍ਰਚੱਲਤ ਅਸਲ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠ-ਲਿਖੇ ਕਾਜਕਾਰ ਅਤੇ ਕਰਤੱਵ ਕਰ ਅਤੇ ਨਿਭਾ ਸਕਦੀ ਹੈ, ਅਰਥਾਤ:- ਖੇਤਰ ਸਭਾ ਦੇ ਕਾਜਕਾਰ ਅਤੇ ਕਰਤੱਵ।

(ੳ) ਖੇਤਰ ਵਿੱਚ ਲਾਗੂ ਕੀਤੀਆਂ ਜਾਣ ਵਾਲੀਆਂ ਸਕੀਮਾਂ ਅਤੇ ਵਿਕਾਸ ਪ੍ਰੋਗਰਾਮਾਂ ਦੀ ਤਜਵੀਜ਼ ਬਣਾਉਣੀ ਅਤੇ ਉਨ੍ਹਾਂ ਦੀ ਤਰਜੀਹ ਨਿਰਧਾਰਤ ਕਰਨਾ, ਅਤੇ ਇਸ ਨੂੰ ਵਾਰਡ ਕਮੇਟੀ ਨੂੰ ਭੇਜਣਾ;

(ਅ) ਰਾਜ ਸਰਕਾਰ ਦੁਆਰਾ ਨਿਸ਼ਚਿਤ ਮਾਨਦੰਡ ਦੇ ਆਧਾਰ ਤੇ ਲਾਭਪਾਤਰੀ-ਮੁੱਖੀ ਸਕੀਮਾਂ ਲਈ ਖੇਤਰ ਤੋਂ ਪਾਤਰ ਵਿਅਕਤੀਆਂ ਦੀ ਪੁਸ਼ਟੀ ਕਰਨੀ ਅਤੇ ਤਰਜੀਹ ਦੇ ਕ੍ਰਮ ਵਿੱਚ ਪਾਤਰ ਲਾਭ-ਪਾਤਰੀਆਂ ਦੀ ਸੂਚੀ ਤਿਆਰ ਕਰਨਾ ਅਤੇ ਇਸ ਨੂੰ ਵਾਰਡ ਕਮੇਟੀ ਨੂੰ ਭੇਜਣਾ;

(ੲ) ਰਾਜ ਸਰਕਾਰ ਜਾਂ ਭਾਰਤ ਸਰਕਾਰ ਤੋਂ ਵੱਖ-ਵੱਖ ਤਰ੍ਹਾਂ ਦੀਆਂ ਭਲਾਈ ਸਹਾਇਤਾ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੀ ਪਾਤਰਤਾ ਦੀ ਪੁਸ਼ਟੀ ਕਰਨੀ;

(ਸ) ਖੇਤਰ ਵਿੱਚ ਗਲੀਆਂ, ਗਲੀਆਂ ਵਿੱਚ ਰੌਸ਼ਨੀ, ਸਮੂਹਕ ਪਾਣੀ ਦੀਆਂ ਟੂਟੀਆਂ, ਜਨਤਕ ਖੂਹ, ਜਨਤਕ ਸਫ਼ਾਈ ਯੂਨਿਟਾਂ ਅਤੇ ਅਜਿਹੀਆਂ ਹੋਰ ਨਾਗਰਿਕ ਸੁਵਿਧਾ ਸਕੀਮਾਂ ਦੀ ਥਾਂ ਸੁਝਾਉਣੀ;

(ਹ) ਖੇਤਰ ਵਿੱਚ ਨਾਗਰਿਕ ਸੁਵਿਧਾਵਾਂ ਦੀ ਘਾਟ ਦੀ ਪਛਾਣ ਕਰਨੀ ਅਤੇ ਉਨ੍ਹਾਂ ਲਈ ਉਪਚਾਰੀ ਉਪਾਅ ਸੁਝਾਉਣੇ;

(ਕ) ਖੇਤਰ ਵਿੱਚ ਜਨਤਕ ਸਿਹਤ ਕੇਂਦਰਾਂ ਦੀਆਂ ਸਰਗਰਮੀਆਂ, ਖ਼ਾਸ ਕਰਕੇ ਰੋਗ ਨਿਵਾਰਣ ਅਤੇ ਪਰਿਵਾਰ ਭਲਾਈ ਵਿੱਚ ਸਹਾਇਤਾ ਕਰਨੀ, ਅਤੇ ਮਹਾਂਮਾਰੀ ਜਾਂ ਕੁਦਰਤੀ ਆਫ਼ਤਾਂ ਦੀ ਘਟਨਾ ਦੀ ਰਿਪੋਰਟ ਕਰਨੀ;

(ਖ) ਵਿਕਾਸ ਪ੍ਰੋਗਰਾਮਾਂ ਲਈ ਸਵੈ-ਇੱਛਤ ਕਿਰਤ ਅਤੇ ਯੋਗਦਾਨ ਨਕਦ ਜਾਂ ਵਸਤੂਆਂ ਵਿੱਚ ਪ੍ਰਦਾਨ ਕਰਨਾ ਅਤੇ ਜੁਟਾਉਣਾ ਅਤੇ ਸਵੈ-ਇੱਛਤ ਟੀਮਾਂ ਰਾਹੀਂ ਅਜਿਹੇ ਵਿਕਾਸ ਕਾਰਜਾਂ ਦੀ ਨਿਗਰਾਨੀ ਕਰਨਾ;

(ਗ) ਟੈਕਸ ਮੈਪਿੰਗ ਕਰਨਾ ਅਤੇ ਸਮਰਥਨ ਕਰਨਾ ਅਤੇ ਖੇਤਰ ਦੇ ਲੋਕਾਂ ਨੂੰ ਟੈਕਸਾਂ ਅਤੇ ਉਪਭੋਗਤਾ ਖ਼ਰਚਿਆਂ ਦੀ ਅਦਾਇਗੀ ਕਰਨ ਦੀ ਉਨਾਂ ਦੀਆਂ ਜ਼ਿੰਮੇਵਾਰੀਆਂ ਯਾਦ ਕਰਵਾਉਣੀਆਂ;

(ਘ) ਜਨਤਕ ਹਿੱਤ ਦੇ ਮਾਮਲਿਆਂ, ਜਿਵੇਂ ਕਿ ਸਫ਼ਾਈ, ਵਾਤਾਵਰਨ ਦੀ ਸੰਭਾਲ ਅਤੇ ਪ੍ਰਦੂਸ਼ਣ ਰੋਕਥਾਮ ਬਾਰੇ ਜਾਗਰੂਕਤਾ ਫੈਲਾਉਣੀ;

(ਙ) ਸਦਭਾਵਨਾ ਅਤੇ ਏਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਖੇਤਰ ਦੇ ਲੋਕਾਂ ਦੀ ਪ੍ਰਤਿਭਾ ਨੂੰ ਪ੍ਰਗਟ ਕਰਨ ਲਈ ਸੱਭਿਆਚਾਰਕ ਤਿਉਹਾਰਾਂ ਅਤੇ ਖੇਡ ਸਮਾਗਮਾਂ ਦਾ ਪ੍ਰਬੰਧ ਕਰਨਾ; ਅਤੇ

(ਚ) ਖੇਤਰ ਵਿੱਚ ਸਫ਼ਾਈ ਪ੍ਰਬੰਧਾਂ ਲਈ ਵਾਰਡ ਕਮੇਟੀ ਨਾਲ ਸਹਿਯੋਗ ਕਰਨਾ।

ਖੇਤਰ ਸਭਾ ਦੇ ਅਧਿਕਾਰ ਅਤੇ ਸ਼ਕਤੀਆਂ।

9. ਇੱਕ ਖੇਤਰ ਸਭਾ ਕੋਲ ਹੇਠ-ਲਿਖੇ ਅਧਿਕਾਰ ਹੋਣਗੇ, ਅਰਥਾਤ:-

(i) ਨਗਰਪਾਲਕਾ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਖੇਤਰ ਵਿੱਚ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਕੀਤੇ ਜਾਣ ਵਾਲੇ ਤਜਵੀਜ਼ਤ ਕਾਰਜਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ;

(ii) ਵਾਰਡ ਕਮੇਟੀ ਦੁਆਰਾ ਖੇਤਰ ਸਭਾ ਦੀ ਅਧਿਕਾਰਤਾ ਨਾਲ ਸਬੰਧਤ ਹਰੇਕ ਫ਼ੈਸਲੇ ਅਤੇ ਵਾਰਡ ਕਮੇਟੀ ਦੁਆਰਾ ਲਏ ਗਏ ਅਜਿਹੇ ਫ਼ੈਸਲੇ ਦੇ ਤਰਕ ਬਾਰੇ ਸੂਚਿਤ ਕੀਤਾ ਜਾਣਾ; ਅਤੇ

(iii) ਵਾਰਡ ਕਮੇਟੀ ਦੁਆਰਾ ਖੇਤਰ ਨਾਲ ਸਬੰਧਤ ਫ਼ੈਸਲਿਆਂ ਬਾਰੇ ਕੀਤੀ ਜ਼ਰੂਰੀ ਅਗਲੀ ਕਾਰਵਾਈ ਬਾਰੇ ਸੂਚਿਤ ਕੀਤਾ ਜਾਣਾ।

10. (1) ਇਸ ਐਕਟ ਦੀ ਧਾਰਾ 4 ਅਧੀਨ ਪ੍ਰਤੀਨਿਧੀਆਂ ਦੀ ਨਾਮਜ਼ਦਗੀ ਦੇ ਤੀਹ ਦਿਨਾਂ ਦੇ ਅੰਦਰ, ਨਿਗਮ ਦੇ ਮਾਮਲੇ ਵਿੱਚ ਕਮਿਸ਼ਨਰ, ਅਤੇ ਹੋਰ ਨਗਰਪਾਲਕਾਵਾਂ ਦੇ ਮਾਮਲੇ ਵਿੱਚ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ, ਲਿਖਤੀ ਰੂਪ ਵਿੱਚ ਹੁਕਮ ਦੁਆਰਾ, ਇੱਕ ਨਗਰਪਾਲਕਾ ਦੇ ਪ੍ਰਦੇਸ਼ਕ ਖੇਤਰ ਦੇ ਸਬੰਧ ਵਿੱਚ ਵਾਰਡ ਕਮੇਟੀਆਂ ਦੀ ਅਜਿਹੀ ਗਿਣਤੀ ਨਿਰਧਾਰਤ ਕਰੇਗਾ ਜਿਸ ਵਿੱਚ ਅਜਿਹੇ ਵਾਰਡਾਂ ਦੀ ਗਿਣਤੀ ਪੰਜ ਤੋਂ ਵੱਧ ਨਾ ਹੋਵੇ, ਜਿਵੇਂ ਉਹ ਉਚਿਤ ਸਮਝੇ। ਵਾਰਡ ਕਮੇਟੀ ਦਾ ਗਠਨ।

(2) ਉਪ-ਧਾਰਾ (1) ਅਧੀਨ ਵਾਰਡ ਕਮੇਟੀ ਦਾ ਗਠਨ ਕਰਦਿਆਂ ਜਿੱਥੋਂ ਤੱਕ ਸੰਭਵ ਹੋ ਸਕੇ, ਭੂਗੋਲਿਕ ਨੇੜਤਾ, ਬਣਾਈ ਰੱਖੀ ਜਾਵੇਗੀ।

(3) ਹਰੇਕ ਵਾਰਡ ਕਮੇਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ,-

(i) ਵਾਰਡਾਂ ਤੋਂ ਚੁਣੇ ਗਏ ਪੰਜਾਬ ਨਗਰਪਾਲਕਾ ਨਿਗਮ ਐਕਟ, 1976 ਦੀ ਧਾਰਾ 5 ਵਿੱਚ ਵਰਣਤ ਕੌਂਸਲਰ ਜਾਂ ਪੰਜਾਬ ਨਗਰਪਾਲਕਾ ਐਕਟ, 1911 ਦੀ ਧਾਰਾ 12 ਵਿੱਚ ਵਰਣਤ ਮੈਂਬਰ, ਜਿਨਾਂ ਲਈ ਵਾਰਡ ਕਮੇਟੀ ਗਠਤ ਕੀਤੀ ਗਈ ਹੈ;

(ii) ਖੇਤਰਾਂ ਦੇ ਸਾਰੇ ਪ੍ਰਤੀਨਿਧ;

(iii) ਨਿਗਮ ਦੇ ਮਾਮਲੇ ਵਿੱਚ ਕਮਿਸ਼ਨਰ ਅਤੇ ਹੋਰ ਨਗਰਪਾਲਕਾਵਾਂ ਦੇ ਮਾਮਲੇ ਵਿੱਚ ਕਾਰਜਕਾਰੀ ਅਫ਼ਸਰ [ਅਹੁਦੇ ਕਾਰਨ ਮੈਂਬਰ];

(iv) ਅਹੁਦੇ ਕਾਰਨ ਮੈਂਬਰ ਵਜੋਂ ਨਗਰਪਾਲਕਾ ਦੁਆਰਾ ਨਾਮਜ਼ਦ ਕੋਈ ਹੋਰ ਅਧਿਕਾਰੀ, ਅਤੇ ਉਨ੍ਹਾਂ ਵਿੱਚੋਂ ਇੱਕ ਵਾਰਡ ਕਮੇਟੀ ਦਾ ਸਕੱਤਰ ਹੋਵੇਗਾ।

(4) ਚੁਣਿਆ ਹੋਇਆ ਕੌਂਸਲਰ ਜਾਂ ਚੁਣਿਆ ਹੋਇਆ ਮੈਂਬਰ, ਜਿਹੀ ਕਿ ਸੂਰਤ ਹੋਵੇ, ਵਾਰਡ ਕਮੇਟੀ ਦਾ ਚੇਅਰਪਰਸਨ ਹੋਵੇਗਾ:

ਪਰੰਤੂ ਜਿੱਥੇ ਜ਼ਿਆਦਾ ਕੌਂਸਲਰ ਜਾਂ ਚੁਣੇ ਹੋਏ ਮੈਂਬਰ ਹੋਣ, ਜਿਹੀ ਕਿ ਸੂਰਤ ਹੋਵੇ, ਤਾਂ ਉੱਥੇ ਉਹ ਆਪਣੇ ਵਿੱਚੋਂ ਚੇਅਰਪਰਸਨ ਨੂੰ ਚੁਣਨਗੇ:

ਪਰੰਤੂ ਇਹ ਹੋਰ ਕਿ ਚੁਣੇ ਹੋਏ ਕੌਂਸਲਰਾਂ ਜਾਂ ਮੈਂਬਰਾਂ ਦੀਆਂ ਵੋਟਾਂ ਦੀ ਗਿਣਤੀ ਬਰਾਬਰ ਹੋਣ ਦੀ ਸੂਰਤ ਵਿੱਚ, ਜਿਹੀ ਕਿ ਸੂਰਤ ਹੋਵੇ, ਤਾਂ ਵੱਡੀ ਉਮਰ ਵਾਲਾ ਚੇਅਰਪਰਸਨ ਹੋਵੇਗਾ।

(5) ਚੇਅਰਪਰਸਨ ਰਾਜ ਸਰਕਾਰ ਦੇ ਵਿਭਾਗਾਂ ਜਾਂ ਇਸ ਦੇ ਕੰਟਰੋਲ ਅਧੀਨ ਖੁਦਮੁਖਤਿਆਰ ਬਾਡੀਆਂ ਜਾਂ ਨਗਰਪਾਲਕਾ ਨੂੰ ਇਕੱਤਰਤਾਵਾਂ ਵਿੱਚ ਹਿੱਸਾ ਲੈਣ ਲਈ ਆਪਣੇ ਪ੍ਰਤੀਨਿਧੀਆਂ ਨੂੰ ਵਿਸ਼ੇਸ਼ ਸੱਦੇ ਹੋਏ ਵਿਅਕਤੀ ਵਜੋਂ ਪ੍ਰਤੀਨਿਯੁਕਤ ਕਰਨ ਲਈ ਲੋੜ ਸਕਦਾ ਹੈ, ਜਦੋਂ ਵੀ ਉਨਾਂ ਦੇ ਵਿੰਗਾਂ ਨਾਲ ਸਬੰਧਤ ਸਮੱਸਿਆਵਾਂ ਤੇ ਚਰਚਾ ਕੀਤੀ ਜਾਣੀ ਹੈ।

(6) ਕਮਿਸ਼ਨਰ, ਕਾਰਜਕਾਰੀ ਅਫ਼ਸਰ ਜਾਂ ਨਗਰਪਾਲਕਾ ਦਾ ਸਕੱਤਰ ਜਾਂ ਉਨਾਂ ਦਾ ਪ੍ਰਤੀਨਿਧ, ਵਾਰਡ ਕਮੇਟੀ ਦੀਆਂ ਇਕੱਤਰਤਾਵਾਂ ਅਤੇ ਸੋਚ-ਵਿਚਾਰ ਵਿੱਚ ਭਾਗ ਲੈਣ ਲਈ ਹੱਕਦਾਰ ਹੋਵੇਗਾ।

(7) ਵਾਰਡ ਕਮੇਟੀ ਦੀਆਂ ਸਾਰੀਆਂ ਇਕੱਤਰਤਾਵਾਂ ਦੀ ਕਾਰਵਾਈ ਸਕੱਤਰ ਦੁਆਰਾ ਕਲਮਬੰਦ ਕੀਤੀ ਜਾਵੇਗੀ ਅਤੇ ਹਰੇਕ ਇਕੱਤਰਤਾ ਦੀ ਕਾਰਵਾਈ ਦੀ ਇੱਕ ਨਕਲ ਨਗਰਪਾਲਕਾ ਨੂੰ ਭੇਜੀ ਜਾਵੇਗੀ।

(8) ਵਾਰਡ ਕਮੇਟੀ ਦੀ ਇਕੱਤਰਤਾ ਸਾਲ ਦੀ ਹਰੇਕ ਤਿਮਾਹੀ ਵਿੱਚ ਘੱਟੋ-ਘੱਟ ਇੱਕ ਵਾਰੀ ਹੋਵੇਗੀ ਅਤੇ ਘੱਟੋ-ਘੱਟ ਦੋ ਤਿਹਾਈ ਮੈਂਬਰ ਕੋਰਮ ਬਣਾਉਣਗੇ।

ਖੇਤਰ ਸਭਾ ਅਤੇ ਵਾਰਡ ਕਮੇਟੀ ਦੀ ਅਉਧ।

11. ਖੇਤਰ ਸਭਾ ਅਤੇ ਵਾਰਡ ਕਮੇਟੀ ਦੇ ਅਹੁਦੇ ਦੀ ਅਉਧ ਨਗਰਪਾਲਕਾ ਦੀ ਅਉਧ ਦੇ ਨਾਲ ਸਮਵਿਸਤਾਰੀ ਹੋਵੇਗੀ।

ਵਾਰਡ ਕਮੇਟੀ ਦੇ ਕਾਜਕਾਰ ਅਤੇ ਕਰਤੱਵ।

12. ਵਾਰਡ ਕਮੇਟੀ ਹੇਠ-ਲਿਖੇ ਕਾਜਕਾਰ ਅਤੇ ਕਰਤੱਵ ਨਿਭਾਏਗੀ ਅਤੇ ਕਰੇਗੀ, ਅਰਥਾਤ:-

(ੳ) ਖੇਤਰ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਸਹਾਇਤਾ ਪ੍ਰਦਾਨ ਕਰਨਾ;

(ਅ) ਖੇਤਰ ਵਿੱਚ ਸਫ਼ਾਈ ਦੇ ਕਾਰਜ ਦੀ ਨਿਗਰਾਨੀ ਕਰਨੀ;

(ੲ) ਖੇਤਰ ਲਈ ਵਿਕਾਸ ਸਕੀਮ ਦੀ ਤਿਆਰੀ, ਪਰਿਪਾਲਣ ਕਰਨ ਅਤੇ ਉਤਸ਼ਾਹ ਵਿੱਚ ਸਹਾਇਤਾ ਪ੍ਰਦਾਨ ਕਰਨੀ;

(ਸ) ਖੇਤਰ ਵਿੱਚ ਲੋਕਾਂ ਦੇ ਵੱਖ-ਵੱਖ ਵਰਗਾਂ ਵਿਚਕਾਰ ਸਦਭਾਵਨਾ ਅਤੇ ਏਕਤਾ ਨੂੰ ਉਤਸ਼ਾਹਿਤ ਕਰਨਾ;

(ਹ) ਸਮਾਜਕ ਭਲਾਈ ਪ੍ਰੋਗਰਾਮਾਂ ਲਈ ਸਵੈ-ਇੱਛਤ ਕਿਰਤ ਅਤੇ ਦਾਨ ਨੂੰ ਵਸਤੂਆਂ ਜਾਂ ਧਨ ਦੇ ਰੂਪ ਵਿੱਚ ਜੁਟਾਉਣਾ;

(ਕ) ਵਿਕਾਸ ਅਤੇ ਭਲਾਈ ਸਕੀਮਾਂ ਦੇ ਪਰਿਪਾਲਣ ਲਈ ਲਾਭ-ਪਾਤਰੀਆਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਨੀ;

(ਖ) ਕਲਾ ਅਤੇ ਸੱਭਿਆਚਾਰਕ ਸਰਗਰਮੀਆਂ ਅਤੇ ਖੇਡਾਂ ਅਤੇ ਖੇਲ-ਕੁੱਦ ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ;

(ਗ) ਨਗਰਪਾਲਕਾ ਦੀਆਂ ਵਿਕਾਸ ਸਰਗਰਮੀਆਂ ਦਾ ਸਫ਼ਲਤਾਪੂਰਵਕ ਪਰਿਪਾਲਣ ਕਰਨ ਲਈ ਜ਼ਰੂਰੀ ਸਵੈ-ਇੱਛਤ ਸਰਗਰਮੀਆਂ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ;

(ਘ) ਨਗਰਪਾਲਕਾ ਨੂੰ ਟੈਕਸਾਂ, ਫ਼ੀਸਾਂ ਅਤੇ ਹੋਰ ਰਕਮਾਂ ਦੀ ਸਮੇਂ-ਸਿਰ ਵਸੂਲੀ ਵਿੱਚ ਸਹਾਇਤਾ ਕਰਨੀ;

(ਙ) ਖੇਤਰ ਵਿੱਚ ਗਲੀਆਂ ਵਿੱਚ ਰੌਸ਼ਨੀ ਅਤੇ ਪਾਰਕਾਂ ਦੀ ਸਾਂਭ-ਸੰਭਾਲ ਯਕੀਨੀ ਬਣਾਉਣੀ;

(ਚ) ਖੇਤਰ ਸਬੰਧੀ ਜਾਣਕਾਰੀ ਅਜਿਹੇ ਫਾਰਮੈਟਾਂ ਵਿੱਚ ਇਕੱਠੀ ਕਰਨੀ, ਰੱਖਣੀ ਅਤੇ ਸਾਲਾਨਾ ਆਧੁਨਿਕ ਬਣਾਉਣੀ, ਜਿਵੇਂ ਨਗਰਪਾਲਕਾ ਦੁਆਰਾ ਉਲਿਖਤ ਕੀਤਾ ਜਾਵੇ, ਜਿਸ ਵਿੱਚ ਵਪਾਰਕ ਸਥਾਪਨਾ ਦੀ ਗਿਣਤੀ ਅਤੇ ਪ੍ਰਕਿਰਤੀ, ਰੁਜ਼ਗਾਰ ਦੀ ਤਰੀਕ ਅਤੇ ਭੋਂ ਦੀ ਵਰਤੋਂ ਦੀ ਜਾਣਕਾਰੀ, ਜਨਤਕ ਥਾਵਾਂ, ਨਾਗਰਿਕ ਸੁਵਿਧਾ ਸਥਲ, ਆਵਾਜਾਈ ਦੇ ਰੁਝਾਨ, ਲੋਕ ਆਵਾਜਾਈ ਕੇਂਦਰ, ਵਾਤਾਵਰਣ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਬਹਾਲੀ, ਵਿਰਾਸਤੀ ਥਾਵਾਂ ਅਤੇ ਆਧਾਰਕ ਬਣਤ ਵਿਕਾਸ ਦੀ ਹੱਦ, ਮੌਜੂਦਾ ਅਤੇ ਲੰਬਤ ਪ੍ਰੋਜੈਕਟਾਂ ਅਤੇ ਖੇਤਰ ਦੀਆਂ ਆਧਾਰਕ ਬਣਤ ਲੋੜਾਂ ਸਬੰਧੀ ਆਧਾਰਕ ਬਣਤਰ ਸੂਚਕਾਂਕ ਨਾਲ ਸਬੰਧਤ ਆਰਥਿਕ ਜਾਣਕਾਰੀ ਸ਼ਾਮਲ ਹੈ; ਅਤੇ

(ਛ) ਅਜਿਹੇ ਹੋਰ ਕਾਜਕਾਰ ਕਰਨੇ ਜੋ ਨਗਰਪਾਲਕਾ ਦੁਆਰਾ ਇਸ ਨੂੰ ਸੌਂਪੇ ਜਾਣ।

13. ਵਾਰਡ ਕਮੇਟੀ ਨੂੰ ਇਹ ਅਧਿਕਾਰ ਹੋਵੇਗਾ ਕਿ,- ਵਾਰਡ ਕਮੇਟੀ ਦੇ ਅਧਿਕਾਰ।

(ੳ) ਖੇਤਰ ਨਾਲ ਸਬੰਧਤ ਕਿਸੇ ਵੀ ਮਾਮਲੇ ਬਾਰੇ ਨਗਰਪਾਲਕਾ ਦੇ ਕਿਸੇ ਅਧਿਕਾਰੀ/ਕਰਮਚਾਰੀ ਤੋਂ ਜਾਣਕਾਰੀ ਮੰਗਣਾ;

(ਅ) ਨਗਰਪਾਲਕਾ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ;

(ੲ) ਨਗਰਪਾਲਕਾ ਦੇ ਬਜਟ ਅਤੇ ਟੈਕਸ ਸਮੇਤ ਸਾਰੇ ਆਮਦਨ ਸਰੋਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ; ਅਤੇ

(ਸ) ਭੋਂ ਦੀ ਵਰਤੋਂ ਅਤੇ ਜ਼ੋਨਿੰਗ ਵਿਨਿਯਮਾਂ ਦੇ ਵਿਕਾਸ ਵਿੱਚ ਸਲਾਹ-ਮਸ਼ਵਰਾ ਕਰਨਾ।

14. ਖੇਤਰ ਸਭਾ ਅਤੇ ਵਾਰਡ ਕਮੇਟੀ ਦੀਆਂ ਇਕੱਤਰਤਾਵਾਂ ਦਾ ਸੰਚਾਲਣ ਕਰਨ ਲਈ ਹੇਠ-ਲਿਖੇ ਜ਼ਾਬਤੇ ਦੀ ਪਾਲਣਾ ਕੀਤੀ ਜਾਵੇਗੀ,- ਖੇਤਰ ਸਭਾ ਅਤੇ ਵਾਰਡ ਕਮੇਟੀ ਦੀਆਂ ਇਕੱਤਰਤਾਵਾਂ ਦਾ ਸੰਚਾਲਣ ਕਰਨ ਲਈ ਜ਼ਾਬਤਾ।

(ੳ) ਇਕੱਤਰਤਾ ਦਾ ਨੋਟਿਸ ਘੱਟੋ-ਘੱਟ ਇੱਕ ਹਫ਼ਤਾ ਪਹਿਲਾਂ ਦਿੱਤਾ ਜਾਵੇਗਾ ਅਤੇ ਨਗਰਪਾਲਕਾ ਦੇ ਦਫ਼ਤਰ ਦੇ ਨੋਟਿਸ ਬੋਰਡ ਤੇ ਲਗਾਇਆ ਜਾਵੇਗਾ;

(ਅ) ਇਕੱਤਰਤਾ ਦੀਆਂ ਕਾਰਵਾਈਆਂ ਖੇਤਰ ਸਭਾ ਅਤੇ ਵਾਰਡ ਕਮੇਟੀ ਦੇ ਸਕੱਤਰ ਦੇ ਦਫ਼ਤਰ, ਜਿਹੀ ਕਿ ਸੂਰਤ ਹੋਵੇ, ਵਿੱਚ ਸੰਭਾਲੀਆਂ ਅਤੇ ਰੱਖੀਆਂ ਜਾਣਗੀਆਂ ਅਤੇ ਆਮ ਜਨਤਾ ਦੇ ਨਿਰੀਖਣ ਲਈ ਉਪਲੱਬਧ ਹੋਣਗੀਆਂ; ਅਤੇ

(ੲ) ਕਾਰਵਾਈ ਉੱਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇਗੀ।

ਵਾਰਡ ਕਮੇਟੀ ਦੇ ਬਜਟ ਦੀ ਤਿਆਰੀ।

15. (1) ਵਾਰਡ ਕਮੇਟੀ ਸਲਾਨਾ ਖੇਤਰ ਯੋਜਨਾ ਤਿਆਰ ਕਰੇਗੀ ਅਤੇ ਇਸ ਨੂੰ ਨਗਰਪਾਲਕ ਯੋਜਨਾ ਨਾਲ ਜੋੜਨ ਲਈ ਸਬੰਧਤ ਨਗਰਪਾਲਕਾ ਨੂੰ ਭੇਜੇਗੀ।

(2) ਵਾਰਡ ਕਮੇਟੀ ਦਾ ਸਾਲਾਨਾ ਬਜਟ ਕੈਲੰਡਰ ਨਗਰਪਾਲਕ ਬਜਟ ਤੋਂ ਛੇ ਹਫ਼ਤੇ ਪਹਿਲਾਂ ਇਸ ਐਕਟ ਨਾਲ ਜੁੜੀ ਅਨੁਸੂਚੀ ਦੇ ਅਨੁਸਾਰ ਸਖ਼ਤੀ ਨਾਲ ਤਿਆਰ ਕੀਤਾ ਜਾਵੇਗਾ। ਨਗਰਪਾਲਕਾ ਵਾਰਡ ਕਮੇਟੀ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਉਸ ਦੁਆਰਾ ਤਿਆਰ ਕੀਤੇ ਗਏ ਸਲਾਨਾ ਬਜਟ ਵਿੱਚ ਬਦਲਾਅ ਸੁਝਾਅ ਸਕਦੀ ਹੈ।

ਨਗਰਪਾਲਕਾ ਦਾ ਬਜਟ।

16. ਨਗਰਪਾਲਕਾ ਦਾ ਬਜਟ, ਇਸ ਐਕਟ ਦੀ ਧਾਰਾ 15 ਦੇ ਅਨੁਸਾਰ ਤਿਆਰ ਕੀਤੇ ਗਏ ਵਾਰਡ ਕਮੇਟੀਆਂ ਦੇ ਸਾਰੇ ਬਜਟਾਂ ਦਾ ਜੋੜ ਹੋਵੇਗਾ ਅਤੇ ਇਸ ਵਿੱਚ ਨਗਰਪਾਲਕਾ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਅਤੇ ਖਰਚਿਆਂ ਲਈ ਵਾਧੂ ਖਾਤਾ ਸਿਰਲੇਖ ਹੋਣਗੇ।

ਖੇਤਰ ਸਭਾ ਅਤੇ ਵਾਰਡ ਕਮੇਟੀ ਨੂੰ ਆਧਾਰਕ ਬਣਤਰ ਪ੍ਰਦਾਨ ਕਰਨਾ।

17. ਨਗਰਪਾਲਕਾ ਖੇਤਰ ਸਭਾ ਅਤੇ ਵਾਰਡ ਕਮੇਟੀ ਨੂੰ ਇਸ ਦੇ ਉਚਿਤ ਕੰਮਕਾਜ ਲਈ ਪ੍ਰਸ਼ਾਸਕੀ ਅਤੇ ਆਧਾਰਕ ਬਣਤਰ ਸਹਾਇਤਾ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੋਵੇਗੀ ਅਤੇ ਕਰਮਚਾਰੀਆਂ 'ਤੇ ਜਾਂਚ ਅਤੇ ਸੰਤੁਲਨ ਲਈ ਪ੍ਰਣਾਲੀ ਬਣਾਏਗੀ ਅਤੇ ਅਜਿਹੇ ਅਧਿਕਾਰੀਆਂ ਦੇ ਦੁਰਵਿਵਹਾਰ ਅਤੇ ਕਰਤੱਵਾਂ ਦੀ ਕੋਤਾਹੀ ਲਈ ਡੰਨ ਲਗਾਉਣ ਲਈ ਸਮਰੱਥ ਅਧਿਕਾਰੀ ਨੂੰ ਸਿਫ਼ਾਰਸ਼ ਕਰਨ ਦੀ ਸ਼ਕਤੀ ਹੋਵੇਗੀ।

ਵਾਰਡ ਕਮੇਟੀ ਦੇ ਅੰਕੜਿਆਂ ਨਾਲ ਸਬੰਧਤ ਵਾਧੂ ਕਰਤੱਵ।

18. ਇਸ ਐਕਟ ਦੀ ਧਾਰਾ 12 ਅਧੀਨ ਵਾਰਡ ਕਮੇਟੀ ਨੂੰ ਸੌਂਪੇ ਗਏ ਕਾਜਕਾਰਾਂ ਅਤੇ ਕਰਤੱਵਾਂ ਤੋਂ ਇਲਾਵਾ, ਵਾਰਡ ਕਮੇਟੀ ਦਾ ਕਰਤੱਵ ਹੇਠ-ਲਿਖੀ ਜਾਣਕਾਰੀ ਨੂੰ ਇਕੱਠਾ ਕਰਨਾ, ਸੰਭਾਲ ਅਤੇ ਸਾਲਾਨਾ ਆਧੁਨਿਕ ਬਣਾਉਣਾ ਹੋਵੇਗਾ, ਅਰਥਾਤ:-

(ੳ) ਆਰਥਿਕ ਜਾਣਕਾਰੀ ਜਿਸ ਵਿੱਚ ਖੇਤਰ ਅਤੇ ਵਪਾਰਕ ਸਥਾਪਨਾ ਦੀ ਗਿਣਤੀ ਅਤੇ ਪ੍ਰਕਿਰਤੀ ਅਤੇ ਰੁਜ਼ਗਾਰ ਡਾਟਾ ਸ਼ਾਮਲ ਹੈ;

(ਅ) ਭੋਂ ਵਰਤੋਂ, ਜਨਤਕ ਥਾਵਾਂ, ਨਾਗਰਿਕ ਸਹੂਲਤਾਂ ਵਾਲੀਆਂ ਥਾਵਾਂ, ਆਵਾਜਾਈ ਦੇ ਢੰਗ, ਜਨਤਕ ਆਵਾਜਾਈ ਕੇਂਦਰ, ਵਾਤਾਵਰਣ,

ਕੁਦਰਤੀ ਸਰੋਤਾਂ ਅਤੇ ਵਿਰਾਸਤੀ ਥਾਵਾਂ ਦੀ ਸੰਭਾਲ ਅਤੇ ਬਹਾਲੀ ਨਾਲ ਸਬੰਧਤ ਜਾਣਕਾਰੀ; ਅਤੇ

(ੲ) ਆਧਾਰਕ ਬਣਤਰ ਸੂਚਕਾਂਕ ਜਿਸ ਵਿੱਚ ਆਧਾਰਕ ਬਣਤਰ ਵਿਕਾਸ ਦੀ ਹੱਦ, ਮੌਜੂਦਾ ਅਤੇ ਲੰਬਿਤ ਪ੍ਰੋਜੈਕਟ ਅਤੇ ਖੇਤਰ ਦੀਆਂ ਆਧਾਰਕ ਬਣਤਰ ਜ਼ਰੂਰਤਾਂ ਸ਼ਾਮਲ ਹਨ।

ਇਸ ਐਕਟ ਦੇ ਉਪਬੰਧਾਂ ਦਾ ਅਲਪਣ ਕਰਨ ਵਾਲਾ ਨਾ ਹੋਣਾ।

19. ਇਸ ਐਕਟ ਦੇ ਉਪਬੰਧ ਪੰਜਾਬ ਨਗਰਪਾਲਕ ਐਕਟ, 1911 (1911 ਦਾ ਪੰਜਾਬ ਐਕਟ 3) ਅਤੇ ਪੰਜਾਬ ਨਗਰ ਨਿਗਮ ਐਕਟ, 1976 (1976 ਦਾ ਪੰਜਾਬ ਐਕਟ 42) ਦੇ ਉਪਬੰਧ ਦੇ ਇਲਾਵਾ ਹੋਣਗੇ ਅਤੇ ਇਨਾਂ ਵਿੱਚ ਦਰਜ ਉਪਬੰਧ ਅਲਪਣ ਕਰਨ ਵਾਲੇ ਨਹੀਂ ਹੋਣਗੇ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

20. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਦੇ ਨਾ ਅਸੰਗਤ ਅਜਿਹੇ ਉਪਬੰਧ ਕਰ ਸਕਦੀ ਹੈ ਜੋ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ:

ਪਰੰਤੂ ਇਸ ਧਾਰਾ ਅਧੀਨ, ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਤੋਂ ਪਿੱਛੋਂ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਜਾਰੀ ਕੀਤਾ ਗਿਆ ਹਰੇਕ ਹੁਕਮ, ਇਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਵਿਧਾਨ ਸਭਾ ਦੇ ਅੱਗੇ ਰੱਖਿਆ ਜਾਵੇਗਾ।

## ਅਨੁਸੂਚੀ

(ਧਾਰਾ 15 ਦੀ ਉਪ-ਧਾਰਾ (2) ਦੇਖੋ)

| ਮਹੀਨਾ | ਮੁੱਖ ਸਰਗਰਮੀ |
|---|---|
| ਅਪ੍ਰੈਲ | ਖੇਤਰ ਯੋਜਨਾ |
| ਮਈ | ਵਾਰਡ ਯੋਜਨਾ |
| ਜੂਨ | ਵਾਰਡ ਯੋਜਨਾ |
| ਜੁਲਾਈ | ਖੇਤਰੀ ਬਜਟ |
| ਅਗਸਤ | ਖੇਤਰੀ ਬਜਟ |

| | |
|---|---|
| ਸਤੰਬਰ | ਵਾਰਡ ਬਜਟ |
| ਅਕਤੂਬਰ | ਵਾਰਡ ਬਜਟ |
| ਨਵੰਬਰ | ਨਗਰਪਾਲਕਾ ਦਾ ਬਜਟ |
| ਦਸੰਬਰ | ਨਗਰਪਾਲਕਾ ਦਾ ਬਜਟ |
| ਜਨਵਰੀ | ਕੰਮਾਂ ਦੀ ਨਜ਼ਰਸਾਨੀ |
| ਫਰਵਰੀ | ਕੰਮਾਂ ਦੀ ਨਜ਼ਰਸਾਨੀ |
| ਮਾਰਚ | ਕੰਮਾਂ ਦੀ ਨਜ਼ਰਸਾਨੀ |

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3508/9-2025/Pb. Govt. Press, S.A.S. Nagar*

ਭਾਗ–1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 23 ਸਤੰਬਰ, 2025

ਨੰ: 41/ਭ.ਕ./2025.– ਪੰਜਾਬ ਰਾਜ ਖੇਤੀਬਾੜੀ ਸਿੱਖਿਆ ਪਰਿਸ਼ਦ ਐਕਟ, 2017 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 23rd September, 2025

**No. 41/L.C./2025.**- The Translation in Punjabi of the Punjab State Council for Agricultural Education Act, 2017 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਰਾਜ ਖੇਤੀਬਾੜੀ ਸਿੱਖਿਆ ਪਰਿਸ਼ਦ ਐਕਟ, 2017

(2018 ਦਾ ਪੰਜਾਬ ਐਕਟ ਨੰ: 1)

ਪੰਜਾਬ ਰਾਜ ਦੇ ਵੱਖ–ਵੱਖ ਕਾਲਜਾਂ ਅਤੇ ਸੰਸਥਾਵਾਂ ਵਿੱਚ ਖੇਤੀਬਾੜੀ ਸਿੱਖਿਆ ਦੀ ਤਰੱਕੀ ਅਤੇ ਤਾਲਮੇਲ ਲਈ ਇੱਕ ਰਾਜ ਖੇਤੀਬਾੜੀ ਸਿੱਖਿਆ ਪਰਿਸ਼ਦ ਦੀ ਸਥਾਪਨਾ ਦਾ ਉਪਬੰਧ ਕਰਨ ਅਤੇ ਇਸ ਨਾਲ ਸਬੰਧਤ ਜਾਂ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅਠਾਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਰਾਜ ਖੇਤੀਬਾੜੀ ਸਿੱਖਿਆ ਪਰਿਸ਼ਦ ਐਕਟ, 2017 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੈ, ਫਿਰ ਵੀ, ਲੋਕ ਫੰਡ ਪ੍ਰਾਪਤ, ਮੌਜੂਦਾ ਜਾਂ ਸਮਝੀਆਂ ਗਈਆਂ ਖੇਤੀਬਾੜੀ ਯੂਨੀਵਰਸਿਟੀਆਂ ਇਸ ਐਕਟ ਦੇ ਦਾਇਰੇ ਵਿੱਚ ਨਹੀਂ ਆਉਣਗੀਆਂ।

(3) ਇਹ ਐਕਟ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜਿਵੇਂ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

2. (1) ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਖੇਤੀਬਾੜੀ" ਵਿੱਚ ਮਿੱਟੀ ਅਤੇ ਪਾਣੀ ਪ੍ਰਬੰਧਨ, ਫ਼ਸਲ (ਖੇਤ, ਬਾਗਬਾਨੀ ਅਤੇ ਜੰਗਲਾਤ) ਵਿਗਿਆਨ, ਖੇਤੀਬਾੜੀ ਇੰਜੀਨੀਅਰਿੰਗ ਅਤੇ ਘਰੇਲੂ ਵਿਗਿਆਨ ਦੇ ਮੁੱਢਲੇ ਅਤੇ ਉਪਯੋਗ ਵਿਗਿਆਨ ਸ਼ਾਮਲ ਹਨ;

(ਅ) "ਚੇਅਰਪਰਸਨ" ਦਾ ਮਤਲਬ ਹੈ ਪਰਿਸ਼ਦ ਦਾ ਚੇਅਰਪਰਸਨ;

(ੲ) "ਕਾਲਜ" ਦਾ ਮਤਲਬ ਹੈ ਪੰਜਾਬ ਰਾਜ ਵਿੱਚ ਕਿਤੇ ਵੀ ਇੱਕ ਕਾਲਜ ਜਾਂ ਸੰਸਥਾ (ਕਿਸੇ ਯੂਨੀਵਰਸਿਟੀ ਨਾਲ ਸੰਬੱਧ ਜਾਂ ਸੰਘਟਕ) ਜੋ ਖੇਤੀਬਾੜੀ ਵਿੱਚ ਸਿੱਖਿਆ ਜਾਂ ਸਿਖਲਾਈ ਦੇ ਰਹੀ ਹੈ ਅਤੇ ਕਿਸੇ ਯੂਨੀਵਰਸਿਟੀ ਨਾਲ ਸੰਬੱਧ ਜਾਂ ਸੰਬੱਧ ਸਮਝਿਆ ਜਾਵੇਗਾ;

(ਸ) "ਕਮੇਟੀ" ਦਾ ਮਤਲਬ ਹੈ ਪਰਿਸ਼ਦ ਦੁਆਰਾ ਗਠਤ ਕਮੇਟੀ;

(ਹ) "ਸੰਘਟਕ ਕਾਲਜ" ਦਾ ਮਤਲਬ ਹੈ ਉਹ ਕਾਲਜ, ਜੋ ਕਿਸੇ ਯੂਨੀਵਰਸਿਟੀ ਦੇ ਸਿੱਧੇ ਪ੍ਰਬੰਧਨ ਅਧੀਨ ਹੈ, ਭਾਵੇਂ ਉਹ ਮੁੱਖ ਦਫ਼ਤਰ ਵਿਖੇ ਜਾਂ ਯੂਨੀਵਰਸਿਟੀ ਖੇਤਰ ਵਿੱਚ ਕਿਤੇ ਹੋਰ ਸਥਿਤ ਹੋਵੇ;

(ਕ) "ਪਰਿਸ਼ਦ" ਦਾ ਮਤਲਬ ਹੈ ਇਸ ਐਕਟ ਅਧੀਨ ਗਠਤ ਪੰਜਾਬ ਰਾਜ ਖੇਤੀਬਾੜੀ ਸਿੱਖਿਆ ਪਰਿਸ਼ਦ;

(ਖ) "ਡਿਗਰੀ ਕੋਰਸ" ਦਾ ਮਤਲਬ ਹੈ ਖੇਤੀਬਾੜੀ ਵਿੱਚ ਅਧਿਐਨ ਦਾ ਕੋਰਸ;

(ਗ) "ਵਿਭਾਗ" ਦਾ ਮਤਲਬ ਹੈ ਕਿਸੇ ਕਾਲਜ ਜਾਂ ਯੂਨੀਵਰਸਿਟੀ ਦਾ ਇੱਕ ਵਿਭਾਗ ਜਿਸ ਨੂੰ ਕਿਸੇ ਵਿਸ਼ੇ (ਵਿਸ਼ਿਆਂ) ਦੇ ਹਵਾਲੇ ਨਾਲ ਇਸ ਤਰ੍ਹਾਂ ਨਾਮਤ ਕੀਤਾ ਗਿਆ ਹੈ;

(ਘ) "ਸਰਕਾਰ" ਦਾ ਮਤਲਬ ਹੈ ਪੰਜਾਬ ਦੀ ਰਾਜ ਸਰਕਾਰ ਵਿੱਚ ਖੇਤੀਬਾੜੀ ਵਿਭਾਗ;

(ਙ) "ਸੇਧਾਂ" ਦਾ ਮਤਲਬ ਹੈ ਇਸ ਐਕਟ ਦਾ ਇਕਸਾਰ ਪਰਿਪਾਲਣ ਕਰਨ ਲਈ ਪਰਿਸ਼ਦ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਸੇਧਾਂ ਜਾਂ ਹਦਾਇਤਾਂ;

(ਚ) "ਮੈਂਬਰ-ਸਕੱਤਰ" ਦਾ ਮਤਲਬ ਹੈ ਪਰਿਸ਼ਦ ਦਾ ਮੈਂਬਰ-ਸਕੱਤਰ;

(ਛ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਜ) "ਪ੍ਰਿੰਸੀਪਲ/ਡੀਨ" ਦਾ ਮਤਲਬ ਹੈ ਕਿਸੇ ਮਾਨਤਾ ਪ੍ਰਾਪਤ ਕਾਲਜ ਜਾਂ ਸੰਸਥਾ ਦਾ ਮੁੱਖੀ;

(ਝ) "ਮਾਨਤਾ ਪ੍ਰਾਪਤ ਕਾਲਜ" ਦਾ ਮਤਲਬ ਹੈ ਖੇਤੀਬਾੜੀ ਵਿੱਚ ਅਧਿਐਨ ਲਈ ਇੱਕ ਕਾਲਜ, ਜੋ ਇਸ ਐਕਟ ਅਧੀਨ ਪਰਿਸ਼ਦ ਦੁਆਰਾ ਮਾਨਤਾ ਪ੍ਰਾਪਤ ਜਾਂ ਮਾਨਤਾ ਪ੍ਰਾਪਤ ਸਮਝਿਆ ਜਾਣਾ ਹੈ ਅਤੇ ਕਿਸੇ ਯੂਨੀਵਰਸਿਟੀ ਦਾ ਇੱਕ

ਸੰਘਟਕ/ਸੰਬੱਧ ਹੋਣ ਕਰਕੇ, ਅਕਾਦਮਿਕ ਮਾਮਲਿਆਂ ਲਈ ਯੂਨੀਵਰਸਿਟੀ ਦੀ ਸਮੁੱਚੀ ਨਿਗਰਾਨੀ ਹੇਠ ਹੈ;

(ਞ) "ਮਾਨਤਾ ਪ੍ਰਾਪਤ ਸੰਸਥਾ" ਦਾ ਮਤਲਬ ਹੈ ਕਿਸੇ ਯੂਨੀਵਰਸਿਟੀ ਦੇ ਸੰਘਟਕ/ਸੰਬੱਧ ਕਾਲਜਾਂ ਤੋਂ ਇਲਾਵਾ ਅਧਿਆਪਨ ਦੀ ਸੰਸਥਾ, ਜਿਸ ਨੂੰ ਇਸ ਐਕਟ ਅਧੀਨ ਪਰਿਸ਼ਦ ਦੁਆਰਾ ਮਾਨਤਾ ਪ੍ਰਾਪਤ ਜਾਂ ਮਾਨਤਾ ਪ੍ਰਾਪਤ ਸਮਝਿਆ ਜਾਣਾ ਹੈ;

(ਟ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਪਰਿਸ਼ਦ ਦੁਆਰਾ ਬਣਾਏ ਗਏ ਵਿਨਿਯਮ;

(ਠ) "ਸਿਲੇਬਸ" ਅਤੇ "ਪਾਠਕ੍ਰਮ" ਦਾ ਮਤਲਬ ਹੈ ਅਧਿਐਨ ਲਈ ਸਿਲੇਬਸ ਅਤੇ ਪਾਠਕ੍ਰਮ ਜਿਵੇਂ ਪਰਿਸ਼ਦ ਦੁਆਰਾ ਉਲਿਖਤ ਕੀਤਾ ਜਾਵੇ; ਅਤੇ

(ਡ) "ਯੂਨੀਵਰਸਿਟੀ" ਦਾ ਮਤਲਬ ਹੈ ਉਹ ਯੂਨੀਵਰਸਿਟੀ ਜਿਸ ਨਾਲ/ਜਿਸ ਦਾ ਇੱਕ ਕਾਲਜ/ਸੰਸਥਾ/ਵਿਭਾਗ ਇਸ ਐਕਟ ਅਧੀਨ ਪਰਿਸ਼ਦ ਦੁਆਰਾ ਮਾਨਤਾ ਪ੍ਰਾਪਤ ਸਮਝਿਆ ਜਾਣਾ ਹੈ, ਸੰਬੱਧ/ਸੰਘਟਕ ਹੈ।

ਪਰਿਸ਼ਦ ਦਾ ਗਠਨ।

3. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਅਧੀਨ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਸੌਂਪੇ ਗਏ ਕਾਰਜਾਂ ਨੂੰ ਨਿਭਾਉਣ ਲਈ, ਪੰਜਾਬ ਰਾਜ ਖੇਤੀਬਾੜੀ ਸਿੱਖਿਆ ਪਰਿਸ਼ਦ ਵਜੋਂ ਜਾਣੀ ਜਾਣ ਵਾਲੀ ਇੱਕ ਪਰਿਸ਼ਦ ਦਾ ਗਠਨ ਕਰ ਸਕੇਗੀ।

(2) ਪਰਿਸ਼ਦ ਇੱਕ ਨਿਗਮਤ ਬੌਡੀ ਹੋਵੇਗੀ ਜਿਸ ਦਾ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੋਹਰ ਹੋਵੇਗੀ ਜਿਸ ਕੋਲ ਭੋਂ ਅਰਜਤ ਕਰਨ, ਰੱਖਣ ਅਤੇ ਨਿਪਟਾਉਣ, ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਮ ਨਾਲ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਪਰਿਸ਼ਦ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਵਿੱਤੀ ਕਮਿਸ਼ਨਰ (ਵਿਕਾਸ)/ ਵਧੀਕ ਮੁੱਖ ਸਕੱਤਰ (ਵਿਕਾਸ), ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ; | ਚੇਅਰਪਰਸਨ |
| (ii) | ਵਾਈਸ-ਚਾਂਸਲਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ। | ਉਪ-ਚੇਅਰਪਰਸਨ |
| (iii) | ਸਕੱਤਰ, ਪੰਜਾਬ ਸਰਕਾਰ, **ਵਿੱਤ ਵਿਭਾਗ;** | ਅਹੁਦੇ ਕਾਰਨ ਮੈਂਬਰ |
| (iv) | ਡਾਇਰੈਕਟਰ ਜਨਰਲ, ਭਾਰਤੀ | ਅਹੁਦੇ ਕਾਰਨ ਮੈਂਬਰ |

| | | |
|---|---|---|
| | ਖੇਤੀਬਾੜੀ ਖੋਜ ਪਰਿਸ਼ਦ, ਨਵੀਂ ਦਿੱਲੀ ਦਾ ਇੱਕ ਪ੍ਰਤੀਨਿਧ; | |
| (v) | ਰਾਜ ਦੁਆਰਾ ਫ਼ੰਡ ਪ੍ਰਾਪਤ ਯੂਨੀਵਰਸਿਟੀ ਜਾਂ ਪੰਜਾਬ ਦੀ ਕਿਸੇ ਪ੍ਰਾਈਵੇਟ ਯੂਨੀਵਰਸਿਟੀ ਤੋਂ ਇੱਕ ਵਾਈਸ-ਚਾਂਸਲਰ ਜਾਂ ਉਸ ਦਾ ਪ੍ਰਤੀਨਿਧ ਜੋ ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਵੇਗਾ, ਜੋ ਰਜਿਸਟਰਾਰ, ਡੀਨ ਜਾਂ ਡਾਇਰੈਕਟਰ ਦੇ ਰੈਂਕ ਤੋਂ ਘੱਟ ਨਾ ਹੋਵੇ; | ਅਹੁਦੇ ਕਾਰਨ ਮੈਂਬਰ |
| (vi) | ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਡੀਨ, ਪੋਸਟ ਗ੍ਰੈਜੂਏਟ ਅਧਿਐਨ, ਡੀਨ, ਖੇਤੀਬਾੜੀ ਕਾਲਜ; ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ ਅਤੇ ਗ੍ਰਹਿ ਵਿਗਿਆਨ ਕਾਲਜ ਵਿੱਚੋਂ ਕੋਈ ਇੱਕ, ਜੋ ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਵੇਗਾ; | ਅਹੁਦੇ ਕਾਰਨ ਮੈਂਬਰ |
| (vii) | ਪੰਜਾਬ ਸਰਕਾਰ ਦੇ ਖੇਤੀਬਾੜੀ ਡਾਇਰੈਕਟਰ, ਬਾਗਬਾਨੀ ਡਾਇਰੈਕਟਰ, ਮੁੱਖ ਭੂਮੀਪਾਲ ਵਿੱਚੋਂ ਕੋਈ ਇੱਕ; | ਅਹੁਦੇ ਕਾਰਨ ਮੈਂਬਰ |
| (viii) | ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਖੇਤੀਬਾੜੀ ਵਿਗਿਆਨੀ; | ਮੈਂਬਰ |
| (ix) | ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਪੰਜਾਬ ਰਾਜ ਵਿੱਚੋਂ ਉਦਯੋਗ ਤੋਂ ਇੱਕ ਖੇਤੀਬਾੜੀ ਉੱਦਮੀ (ਖੇਤੀਬਾੜੀ ਮਸ਼ੀਨਰੀ ਖਾਧ ਪ੍ਰੋਸੈਸ ਕਰਨ ਉਦਯੋਗ); | ਮੈਂਬਰ |
| (x) | ਸਰਕਾਰ ਦੁਆਰਾ ਨਿਯੁਕਤ ਕੀਤਾ ਜਾਣ ਵਾਲਾ ਇੱਕ ਪੂਰਨਕਾਲੀ | ਮੈਂਬਰ-ਸਕੱਤਰ |

ਮੈਂਬਰ- ਸਕੱਤਰ।

(4) ਅਹੁਦੇ ਕਾਰਨ ਮੈਂਬਰਾਂ ਤੋਂ ਇਲਾਵਾ ਹੋਰ ਮੈਂਬਰਾਂ ਦੇ ਅਹੁਦੇ ਦੀ ਅਉਧ ਤਿੰਨ ਸਾਲ ਦੀ ਹੋਵੇਗੀ:

ਪਰੰਤੂ ਇੱਕ ਮੈਂਬਰ ਜਿਸ ਦੀ ਤਿੰਨ ਸਾਲ ਦੀ ਅਉਧ ਗੁਜ਼ਰ ਚੁੱਕੀ ਹੈ, ਜਦ ਤੱਕ ਸਰਕਾਰ ਹੋਰ ਤਰ੍ਹਾਂ ਨਿਰਦੇਸ਼ ਨਾ ਦੇਵੇ, ਉਹ ਉਦੋਂ ਤੱਕ ਆਪਣਾ ਅਹੁਦਾ ਧਾਰਨ ਕਰੀਂ ਰੱਖੇਗਾ ਜਦੋਂ ਤੱਕ ਉਸ ਦਾ ਉਤਰਾਧਿਕਾਰੀ ਨਾਮਜ਼ਦ ਨਹੀਂ ਕੀਤਾ ਜਾਂਦਾ।

(5) ਪਰਿਸ਼ਦ ਦਾ ਕੋਈ ਮੈਂਬਰ ਕਿਸੇ ਵੀ ਸਮੇਂ ਚੇਅਰਪਰਸਨ ਨੂੰ ਲਿਖਤੀ ਰੂਪ ਵਿੱਚ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕਦਾ ਹੈ ਅਤੇ ਚੇਅਰਪਰਸਨ ਇਸ ਨੂੰ ਸਰਕਾਰ ਨੂੰ ਸਵੀਕਾਰ ਕਰਨ ਲਈ ਭੇਜੇਗਾ ਅਤੇ ਅਜਿਹੇ ਮੈਂਬਰ ਨੂੰ ਸਰਕਾਰ ਦੁਆਰਾ ਅਸਤੀਫ਼ਾ ਸਵੀਕਾਰ ਕਰਨ ਤੇ ਆਪਣਾ ਅਹੁਦਾ ਖਾਲੀ ਕਰ ਦਿੱਤਾ ਗਿਆ ਸਮਝਿਆ ਜਾਵੇਗਾ।

(6) ਸਰਕਾਰ, ਚੇਅਰਪਰਸਨ ਅਤੇ ਅਹੁਦੇ ਕਾਰਨ ਮੈਂਬਰ ਤੋਂ ਇਲਾਵਾ ਕਿਸੇ ਹੋਰ ਮੈਂਬਰ ਦੀ ਸੂਰਤ ਵਿੱਚ, ਇੱਕ ਹੁਕਮ ਦੁਆਰਾ, ਇਸ ਦੇ ਲਿਖਤੀ ਰੂਪ ਵਿੱਚ ਕਾਰਨ ਕਲਮਬੰਦ ਕਰਕੇ, ਕਿਸੇ ਵੀ ਮੈਂਬਰ ਨੂੰ ਇਸ ਆਧਾਰ ਤੇ ਅਹੁਦੇ ਤੋਂ ਹਟਾ ਸਕਦੀ ਹੈ ਕਿ ਉਹ,-

(ੳ) ਅਹੁਦੇ ਦੀ ਦੁਰਵਰਤੋਂ ਕਰਦਾ ਹੈ; ਜਾਂ

(ਅ) ਕਿਸੇ ਕਾਨੂੰਨੀ ਅਦਾਲਤ ਦੁਆਰਾ ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚਿਤ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਜਾਂ ਕਿਸੇ ਹੋਰ ਤਰ੍ਹਾਂ ਸੁਦਾਈ ਜਾਂ ਵਿਗੜ-ਚਿੱਤ ਹੋ ਗਿਆ ਹੈ; ਜਾਂ

(ੲ) ਕਿਸੇ ਦੁਰਾਚਾਰ ਦਾ ਦੋਸ਼ੀ ਹੈ ਜੋ ਸਰਕਾਰ ਦੀ ਰਾਏ ਵਿੱਚ ਉਸ ਨੂੰ ਮੈਂਬਰ ਵਜੋਂ ਬਣੇ ਰਹਿਣ ਦੇ ਅਯੋਗ ਬਣਾਉਂਦਾ ਹੈ; ਜਾਂ

(ਸ) ਚੇਅਰਪਰਸਨ ਦੀ ਆਗਿਆ ਤੋਂ ਬਿਨਾਂ ਪਰਿਸ਼ਦ ਦੀਆਂ ਲਗਾਤਾਰ ਤਿੰਨ ਇਕੱਤਰਤਾਵਾਂ ਤੋਂ ਨਿਰੰਤਰ ਗੈਰ-ਹਾਜ਼ਰ ਰਿਹਾ ਹੈ:

ਪਰੰਤੂ ਕੋਈ ਹੁਕਮ ਜਾਰੀ ਕਰਨ ਤੋਂ ਪਹਿਲਾਂ, ਸਰਕਾਰ ਅਜਿਹੇ ਮੈਂਬਰ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਵੇਗੀ।

(7) ਕਿਸੇ ਮੈਂਬਰ ਦੀ ਮੌਤ, ਅਸਤੀਫ਼ਾ ਜਾਂ ਹਟਾਏ ਜਾਣ ਕਾਰਨ ਪੈਦਾ ਹੋਣ ਵਾਲੀ ਇਤਫ਼ਾਕੀਆ ਖ਼ਾਲੀ ਥਾਂ ਨਾਮਜ਼ਦਗੀ ਦੁਆਰਾ ਭਰੀ ਜਾਵੇਗੀ ਅਤੇ ਅਜਿਹਾ ਮੈਂਬਰ ਬਾਕੀ ਬਚੀ ਅਉਧ ਲਈ ਅਹੁਦਾ ਧਾਰਨ ਕਰੇਗਾ।

(8) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਉਪ-ਧਾਰਾ (6) ਅਧੀਨ ਹਟਾਏ ਗਏ ਮੈਂਬਰ ਤੋਂ ਸਿਵਾਏ ਹਰੇਕ ਮੈਂਬਰ ਮੁੜ ਨਾਮਜ਼ਦਗੀ ਲਈ ਪਾਤਰ ਹੋਵੇਗਾ।

ਪਰਿਸ਼ਦ ਦਾ ਮੁਖ ਦਫ਼ਤਰ।

4. ਪਰਿਸ਼ਦ ਦਾ ਮੁੱਖ ਦਫ਼ਤਰ ਅਜਿਹੇ ਸਥਾਨ 'ਤੇ ਹੋਵੇਗਾ ਜਿਵੇਂ ਸਰਕਾਰ ਦੁਆਰਾ ਨਿਰਧਾਰਤ ਕੀਤਾ ਜਾਵੇ।

ਪਰਿਸ਼ਦ ਦੀਆਂ ਇਕੱਤਰਤਾਵਾਂ ਅਤੇ ਕਾਰਜ।

5. (1) ਪਰਿਸ਼ਦ ਦੀ ਇਕੱਤਰਤਾ ਵਿੱਚ ਕੋਈ ਵੀ ਕਾਰਜ ਸੰਚਾਲਤ ਨਹੀਂ ਕੀਤਾ ਜਾਵੇਗਾ ਜਦ ਤੱਕ ਪਰਿਸ਼ਦ ਦੇ ਮੌਜੂਦਾ ਮੈਂਬਰਾਂ ਵਿੱਚੋਂ ਪੰਜਾਹ ਪ੍ਰਤੀਸ਼ਤ ਹਾਜ਼ਰ ਨਾ ਹੋਣ:

ਪਰੰਤੂ ਜੇ ਪਰਿਸ਼ਦ ਦੀ ਇਕੱਤਰਤਾ ਕੋਰਮ ਦੀ ਘਾਟ ਕਾਰਨ ਮੁਲਤਵੀ ਕਰ ਦਿੱਤੀ ਜਾਂਦੀ ਹੈ ਤਾਂ ਉਸੇ ਕਾਰਜ ਦੇ ਸੰਚਾਲਣ ਲਈ ਅਗਲੀ ਇਕੱਤਰਤਾ ਲਈ ਕੋਈ ਕੋਰਮ ਜ਼ਰੂਰੀ ਨਹੀਂ ਹੋਵੇਗਾ।

(2) ਕੋਈ ਮੈਂਬਰ ਕਿਸੇ ਅਜਿਹੇ ਮਾਮਲੇ ਦੀ ਚਰਚਾ ਵਿੱਚ ਹਿੱਸਾ ਨਹੀਂ ਲਵੇਗਾ, ਜਾਂ ਆਪਣੇ ਵੋਟ ਦੀ ਵਰਤੋਂ ਨਹੀਂ ਕਰੇਗਾ ਜਿਸ ਵਿੱਚ ਉਸ ਦਾ ਕੋਈ ਨਿੱਜੀ ਜਾਂ ਮਾਇਕ ਹਿੱਤ ਹੋਵੇ।

(3) ਪਰਿਸ਼ਦ ਅਜਿਹੇ ਸਮੇਂ ਅਤੇ ਸਥਾਨ 'ਤੇ ਇਕੱਤਰਤਾ ਕਰੇਗੀ ਅਤੇ ਅਜਿਹੀਆਂ ਇਕੱਤਰਤਾਵਾਂ ਵਿੱਚ ਆਪਣੇ ਕਾਰਜ ਦੇ ਸੰਚਾਲਣ ਦੇ ਸਬੰਧ ਵਿੱਚ ਅਜਿਹੇ ਜ਼ਾਬਤੇ ਦੀ ਪਾਲਣਾ ਕਰੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

(4) ਚੇਅਰਪਰਸਨ ਅਤੇ ਉਸ ਦੀ ਗੈਰ-ਹਾਜ਼ਰੀ ਵਿੱਚ, ਵਾਈਸ-ਚੇਅਰਪਰਸਨ ਪਰਿਸ਼ਦ ਦੀ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ ਅਤੇ ਵਾਈਸ-ਚੇਅਰਪਰਸਨ ਦੀ ਗੈਰ-ਹਾਜ਼ਰੀ ਦੀ ਸੂਰਤ ਵਿੱਚ, ਇਕੱਤਰਤਾ ਵਿੱਚ ਹਾਜ਼ਰ ਮੈਂਬਰਾਂ ਦੁਆਰਾ ਚੁਣਿਆ ਗਿਆ ਕੋਈ ਮੈਂਬਰ, ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(5) ਇਕੱਤਰਤਾ ਵਿੱਚ ਸਾਰੇ ਮਾਮਲਿਆਂ ਦਾ ਫ਼ੈਸਲਾ ਹਾਜ਼ਰ ਮੈਂਬਰਾਂ ਦੇ ਬਹੁਮਤ ਵੋਟਾਂ ਨਾਲ ਕੀਤਾ ਜਾਵੇਗਾ ਅਤੇ ਵੋਟਾਂ ਬਰਾਬਰ ਹੋਣ ਦੀ ਸੂਰਤ ਵਿੱਚ, ਅਜਿਹੀ ਇਕੱਤਰਤਾ ਦੀ ਪ੍ਰਧਾਨਗੀ ਕਰਨ ਵਾਲੇ ਵਿਅਕਤੀ ਕੋਲ ਇੱਕ ਨਿਰਣਾਇਕ ਵੋਟ ਹੋਵੇਗੀ।

(6) ਪਰਿਸ਼ਦ ਆਮ ਤੌਰ ਤੇ ਇੱਕ ਤਿਮਾਹੀ ਵਿੱਚ ਇੱਕ ਵਾਰ ਮਿਲੇਗੀ ਪਰ ਇੱਕ ਸਾਲ ਵਿੱਚ ਘੱਟੋ-ਘੱਟ ਦੋ ਇਕੱਤਰਤਾਵਾਂ ਕਰੇਗੀ।

(7) ਪਰਿਸ਼ਦ, ਉਪ-ਧਾਰਾ (6) ਵਿੱਚ ਹਵਾਲਾ ਦਿੱਤੀ ਗਈ ਇਕੱਤਰਤਾ ਤੋਂ ਇਲਾਵਾ, ਅਗਲੇ ਸਾਲ 30 ਸਤੰਬਰ ਨੂੰ ਜਾਂ ਇਸ ਤੋਂ ਪਹਿਲਾਂ ਆਪਣੀ ਸਾਲਾਨਾ ਰਿਪੋਰਟ, ਆਡਿਟ ਕੀਤੇ ਸਾਲਾਨਾ ਲੇਖਿਆਂ ਅਤੇ ਸੰਤੁਲਨ-ਪੱਤਰ 'ਤੇ ਵਿਚਾਰ ਕਰਨ ਲਈ ਸਾਲਾਨਾ ਇਕੱਤਰਤਾਵਾਂ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਇਕੱਤਰਤਾ ਕਰੇਗੀ।

(8) ਪਰਿਸ਼ਦ ਦਾ ਹਰੇਕ ਫ਼ੈਸਲਾ ਇੱਕ ਮਤਾ ਪਾਸ ਕਰਕੇ ਲਿਆ ਜਾਵੇਗਾ ਅਤੇ ਚੇਅਰਪਰਸਨ ਅਤੇ ਉਸ ਦੀ ਗੈਰ-ਹਾਜ਼ਰੀ ਵਿੱਚ, ਵਾਈਸ-ਚੇਅਰਪਰਸਨ ਅਤੇ ਵਾਈਸ-ਚੇਅਰਪਰਸਨ ਦੀ ਗੈਰ-ਹਾਜ਼ਰੀ ਦੀ ਸੂਰਤ ਵਿੱਚ, ਕਿਸੇ ਅਜਿਹੇ ਹੋਰ ਮੈਂਬਰ ਦੁਆਰਾ ਜਿਸ ਨੂੰ ਪਰਿਸ਼ਦ ਦੁਆਰਾ ਇਸ ਨਮਿੱਤ ਅਧਿਕਾਰਤ ਕੀਤਾ ਜਾਵੇ, ਦੇ ਦਸਖ਼ਤਾਂ ਦੁਆਰਾ ਪ੍ਰਮਾਣਿਕ ਕੀਤਾ ਜਾਵੇਗਾ।

(9) ਪਰਿਸ਼ਦ ਦੇ ਨਮਿੱਤ ਹਰੇਕ ਲਿਖਤ ਨੂੰ ਮੈਂਬਰ-ਸਕੱਤਰ ਦੇ ਦਸਖ਼ਤ ਦੁਆਰਾ ਪ੍ਰਮਾਣਿਕ ਕੀਤਾ ਜਾਵੇਗਾ ਜਾਂ ਮੈਂਬਰ-ਸਕੱਤਰ ਦੀ ਗੈਰ-ਹਾਜ਼ਰੀ ਵਿੱਚ, ਜਾਂ ਜਦੋਂ ਕਿਸੇ ਵੀ ਹਾਲਾਤਾਂ ਵਿੱਚ ਜ਼ਰੂਰੀ ਸਮਝਿਆ ਜਾਂਦਾ ਹੈ, ਪਰਿਸ਼ਦ, ਲਿਖਤੀ ਹੁਕਮ ਦੁਆਰਾ ਅਤੇ ਉਸ ਦੇ ਕਾਰਨ ਕਲਮਬੰਦ ਕਰਕੇ, ਪਰਿਸ਼ਦ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਨੂੰ ਕਿਸੇ ਲਿਖਤ ਨੂੰ ਪ੍ਰਮਾਣਿਕ ਕਰਨ ਲਈ ਅਧਿਕਾਰਤ ਕਰ ਸਕੇਗੀ।

(10) ਪਰਿਸ਼ਦ ਦਾ ਕੋਈ ਕਾਰਜ ਜਾਂ ਕਾਰਵਾਈ ਸਿਰਫ਼ ਇਸ ਆਧਾਰ ਤੇ ਉਜ਼ਰ ਜਾਂ ਨਾਜਾਇਜ਼ ਨਹੀਂ ਹੋਵੇਗੀ ਕਿ,-

(ੳ) ਇਸ ਦੇ ਮੈਂਬਰਾਂ ਵਿੱਚ ਕੋਈ ਥਾਂ ਖ਼ਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਕਿਸੇ ਮੈਂਬਰ ਦੀ ਨਾਮਜ਼ਦਗੀ ਵਿੱਚ ਕੋਈ ਤਰੁੱਟੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ 'ਤੇ ਪ੍ਰਭਾਵ ਨਹੀਂ ਪਾਉਂਦੀ।

ਪਰਿਸ਼ਦ ਦੀਆਂ ਸ਼ਕਤੀਆਂ ਅਤੇ ਕਾਰਜ।

6. (1) ਪਰਿਸ਼ਦ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਰਜ ਹੋਣਗੇ, ਅਰਥਾਤ:-

(ੳ) ਖੇਤੀਬਾੜੀ ਸਿੱਖਿਆ ਅਤੇ ਸਿਖਲਾਈ ਦੇਣ ਲਈ ਰਾਜ ਦੇ ਕਾਲਜਾਂ/ਯੂਨੀਵਰਸਿਟੀਆਂ ਦੁਆਰਾ ਪਾਲਣਾ ਕੀਤੇ ਜਾਣ ਵਾਲੇ ਘੱਟੋ-ਘੱਟ ਮਾਪਦੰਡ ਅਤੇ ਸੇਧਾਂ ਉਲਿਖਤ ਕਰਨਾ;

(ਅ) ਖੇਤੀਬਾੜੀ ਵਿੱਚ ਵਿਦਿਅਕ ਡਿਗਰੀ ਪ੍ਰੋਗਰਾਮ ਚਲਾਉਣ ਲਈ ਮੁਕੱਰਰ ਮਿਆਰਾਂ ਅਤੇ ਮਾਪਦੰਡ ਨੂੰ ਪੂਰਾ ਕਰਨ ਵਾਲੇ ਕਾਲਜਾਂ/ਸੰਸਥਾਵਾਂ/ਵਿਭਾਗਾਂ ਨੂੰ ਮਾਨਤਾ ਦੇ ਕੇ ਰਾਜ ਵਿੱਚ ਖੇਤੀਬਾੜੀ ਸਿੱਖਿਆ ਨੂੰ ਵਿਨਿਯਮਤ ਕਰਨਾ। ਮਾਨਤਾ ਪ੍ਰਾਪਤ ਹੋਣ 'ਤੇ ਮਾਨਤਾ ਪ੍ਰਾਪਤ ਕਾਲਜ/ਸੰਸਥਾਵਾਂ/ਵਿਭਾਗ ਆਪਣੇ ਆਪ ਹੀ ਸਿੱਖਿਆ ਅਤੇ ਸ਼ਾਸਨ ਦੀ ਮੁਕੱਰਰ ਪ੍ਰਣਾਲੀ ਦੀ ਪਾਲਣਾ ਕਰਨਗੇ ਜਿਸ ਵਿੱਚ ਆਧਾਰਕ ਬਣਤ (ਜਮਾਤ ਕਮਰੇ, ਪ੍ਰਯੋਗਸ਼ਾਲਾਵਾਂ, ਉਪਕਰਣ, ਸਿੱਖਿਆ ਸਬੰਧੀ ਖੇਤ ਆਦਿ); ਦਾਖਲੇ ਦਾ ਜ਼ਾਬਤਾ, ਸਟਾਫ਼ ਦੀ ਭਰਤੀ, ਰਿਹਾਇਸ਼ੀ ਹਦਾਇਤ, ਕੋਰਸ ਪਾਠਕ੍ਰਮ, ਪ੍ਰੀਖਿਆ ਦਾ ਪੈਟਰਨ ਆਦਿ ਸ਼ਾਮਲ ਹਨ, ਜਿਵੇਂ ਪਰਿਸ਼ਦ ਦੁਆਰਾ ਸਮੇਂ ਸਮੇਂ ਤੇ ਨਿਰਦੇਸ਼ ਦਿੱਤਾ ਜਾਵੇ;

(ੲ) ਮਾਨਤਾ ਪ੍ਰਾਪਤ ਕਾਲਜਾਂ/ਸੰਸਥਾਵਾਂ/ਵਿਭਾਗਾਂ ਦੀਆਂ ਸਾਲਾਨਾ ਅਕਾਦਮਿਕ ਯੋਜਨਾਵਾਂ/ਸਕੀਮਾਂ ਨੂੰ ਪ੍ਰਵਾਨਗੀ ਦੇਣਾ;

(ਸ) ਸਬੰਧਤ ਯੂਨੀਵਰਸਿਟੀਆਂ ਦੇ ਮਾਨਤਾ ਪ੍ਰਾਪਤ ਕਾਲਜਾਂ/ਸੰਸਥਾਵਾਂ/ਵਿਭਾਗਾਂ ਦੀਆਂ ਸਰਗਰਮੀਆਂ ਵਿੱਚ

ਪ੍ਰਭਾਵਸ਼ਾਲੀ ਤਾਲਮੇਲ ਪ੍ਰਾਪਤ ਕਰਨ ਲਈ ਖੇਤੀਬਾੜੀ ਸਿੱਖਿਆ ਨਾਲ ਸਬੰਧਤ ਕਾਲਜਾਂ/ਸੰਸਥਾਵਾਂ/ਵਿਭਾਗਾਂ ਵਿੱਚ ਕੀਤੇ ਗਏ ਕੰਮ ਦੀ ਸਮੇਂ ਸਮੇਂ ਤੇ ਨਜ਼ਰਸਾਨੀ ਕਰਨਾ ਅਤੇ ਉਨ੍ਹਾਂ ਨੂੰ ਢੁੱਕਵੀਂ ਸੇਧ ਅਤੇ ਨਿਰਦੇਸ਼ ਦੇਣਾ;

(ਹ) ਮਾਨਤਾ ਪ੍ਰਾਪਤ ਕਾਲਜਾਂ ਨੂੰ ਮਾਨਤਾ ਪ੍ਰਦਾਨ ਕਰਕੇ ਰਾਜ ਵਿੱਚ ਖੇਤੀਬਾੜੀ ਸਿੱਖਿਆ ਵਿੱਚ ਲਗਾਤਾਰ ਗੁਣਵੱਤਾ ਭਰੋਸਾ ਯਕੀਨੀ ਬਣਾਉਣਾ;

(ਕ) ਸਬੰਧਤ ਯੂਨੀਵਰਸਿਟੀ ਦੇ ਵਾਈਸ-ਚਾਂਸਲਰ/ਆਂ ਨੂੰ ਸੂਚਿਤ ਕਰਕੇ, ਸਬੰਧਤ ਕਾਲਜਾਂ/ਸੰਸਥਾਵਾਂ/ਵਿਭਾਗਾਂ ਨੂੰ ਆਪਣੀਆਂ ਸ਼ਕਤੀਆਂ ਦੀ ਵਰਤੋਂ ਅਤੇ ਆਪਣੇ ਕਾਰਜਾਂ ਨੂੰ ਨਿਭਾਉਣ ਲਈ ਜ਼ਰੂਰੀ ਨਿਰਦੇਸ਼ ਜਾਰੀ ਕਰਨਾ, ਜੋ ਅੰਤਿਮ ਅਤੇ ਉਨ੍ਹਾਂ 'ਤੇ ਬੰਧਨਕਾਰੀ ਹੋਣਗੇ। ਇਹ ਸਬੰਧਤ ਵਾਈਸ-ਚਾਂਸਲਰਾਂ/ ਡੀਨਾਂ/ਪ੍ਰਿੰਸੀਪਲਾਂ ਦਾ ਕਰਤੱਵ ਹੋਵੇਗਾ ਕਿ ਉਹ ਇਹ ਯਕੀਨੀ ਬਣਾਉਣ ਕਿ ਅਜਿਹੇ ਨਿਰਦੇਸ਼ਾਂ ਨੂੰ ਤੁਰੰਤ ਅਤੇ ਸਹੀ ਢੰਗ ਨਾਲ ਅਮਲੀ ਰੂਪ ਦਿੱਤਾ ਜਾਂਦਾ ਹੈ;

(ਖ) ਖੇਤੀਬਾੜੀ ਸਿੱਖਿਆ ਨਾਲ ਸਬੰਧਤ ਸਰਕਾਰ ਦੇ ਫ਼ੈਸਲੇ ਅਨੁਸਾਰ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨਾ ਅਤੇ ਅਜਿਹੇ ਹੋਰ ਕਾਰਜਾਂ ਨੂੰ ਨਿਭਾਉਣਾ ਜੋ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਅਨੁਸੰਗਕ ਜਾਂ ਲੋੜੀਂਦੇ ਹੋਣ;

(ਗ) ਖੇਤੀਬਾੜੀ ਸਿੱਖਿਆ 'ਤੇ ਸਬੰਧਤ ਯੂਨੀਵਰਸਿਟੀਆਂ/ ਕਾਲਜਾਂ/ਸੰਸਥਾਵਾਂ ਦੀਆਂ ਸਰਗਰਮੀਆਂ ਨਾਲ ਸਬੰਧਤ ਕਿਸੇ ਵੀ ਮਾਮਲੇ 'ਤੇ ਸਰਕਾਰ ਨੂੰ ਸਲਾਹ ਦੇਣਾ;

(ਘ) ਆਪਣੇ ਕਾਰਜਾਂ ਨੂੰ ਨਿਭਾਉਣ ਲਈ ਨਿਯਤ ਕੀਤੇ ਜ਼ਾਬਤਿਆਂ ਦੀ ਸਮੇਂ-ਸਮੇਂ 'ਤੇ ਨਜ਼ਰਸਾਨੀ ਕਰਨਾ;

(ਙ) ਖੇਤੀਬਾੜੀ ਸਿੱਖਿਆ ਦੇ ਮਾਪਦੰਡਾਂ ਦਾ ਤਾਲਮੇਲ ਅਤੇ ਰੱਖ-ਰਖਾਅ ਕਰਨਾ ਅਤੇ ਕਿਸਾਨਾਂ ਅਤੇ ਖੇਤੀਬਾੜੀ ਉਦਯੋਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਲਿਖਤ ਲੀਹਾਂ 'ਤੇ ਅਜਿਹੀ ਸਿੱਖਿਆ ਦਾ ਪੁਨਰ-ਅਨੁਕੂਲਣ ਪ੍ਰਭਾਵੀ ਕਰਨਾ ਅਤੇ ਸੰਸਥਾਵਾਂ ਅਤੇ ਉਦਯੋਗਿਕ ਅਤੇ ਵਪਾਰਕ ਸਥਾਪਨਾਵਾਂ ਵਿਚਕਾਰ ਸਹਿਯੋਗ ਨੂੰ ਉਤਸ਼ਾਹਿਤ ਕਰਨਾ;

(ਚ) ਭਾਰਤੀ ਖੇਤੀਬਾੜੀ ਖੋਜ ਪਰਿਸ਼ਦ ਅਤੇ ਹੋਰ ਸੰਸਥਾਵਾਂ ਨਾਲ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਪ੍ਰਯੋਜਨਾਂ ਲਈ ਸਹਿਯੋਗ

ਕਰਨਾ ਜੋ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਹੋਣ;

(ਛ) ਹੋਰ ਸਾਰੇ ਅਜਿਹੇ ਕੰਮਾਂ ਅਤੇ ਕਾਰਜਾਂ ਨੂੰ ਜ਼ਿੰਮੇ ਲੈਣਾ ਜੋ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਕਾਰਜਾਂ ਨੂੰ ਉਚਿਤ ਢੰਗ ਨਾਲ ਨਿਭਾਉਣ ਲਈ ਜ਼ਰੂਰੀ ਹੋਣ;

(ਜ) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਇਸ ਤੇ ਲਗਾਏ ਗਏ ਅਜਿਹੇ ਕਰਤੱਵਾਂ ਨੂੰ ਸਿਰੇ ਚਾੜ੍ਹਨਾ;

(ਝ) ਕਿਸੇ ਸੰਸਥਾ ਨੂੰ ਸੰਬੱਧ ਕਰਨ ਤੋਂ ਇਨਕਾਰ ਕਰਨਾ ਜੋ,-

(i) ਪਰਿਸ਼ਦ ਦੁਆਰਾ ਸਟਾਫ਼, ਹਦਾਇਤਾਂ, ਸਾਜ਼-ਸਮਾਨ ਅਤੇ ਇਮਾਰਤਾਂ ਲਈ ਨਿਯਤ ਕੀਤੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੀ ਜਾਂ ਪੂਰਾ ਕਰਨ ਵਿੱਚ ਅਸਮਰੱਥ ਹੈ; ਜਾਂ

(ii) ਪਰਿਸ਼ਦ ਦੁਆਰਾ ਸੰਬੱਧ ਲਈ ਨਿਯਤ ਕੀਤੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੀ:

ਪਰੰਤੂ ਕਿਸੇ ਸੰਸਥਾ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨ੍ਹਾਂ ਅਤੇ ਲਿਖਤੀ ਰੂਪ ਵਿੱਚ ਹੁਕਮ ਜਾਰੀ ਕੀਤੇ ਬਿਨ੍ਹਾਂ ਅਤੇ ਉਸ ਦੇ ਕਾਰਨ ਕਲਮਬੰਦ ਕਰਨ ਤੋਂ ਬਾਅਦ ਸੰਬੱਧਤਾ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ;

(ਞ) ਇੱਕ ਸੰਸਥਾ ਦੀ ਸੰਬੱਧਤਾ ਵਾਪਸ ਲੈਣਾ ਜੋ ਪਰਿਸ਼ਦ ਦੁਆਰਾ ਨਿਯਤ ਕੀਤੇ ਸਟਾਫ਼, ਹਦਾਇਤਾਂ, ਸਾਜ਼-ਸਮਾਨ ਜਾਂ ਇਮਾਰਤਾਂ ਦੇ ਮਾਪਦੰਡਾਂ ਦੀ ਪਾਲਣਾ ਕਰਨ ਜਾਂ ਉਨ੍ਹਾਂ ਲਈ ਕੋਈ ਉਪਬੰਧ ਕਰਨ ਵਿੱਚ ਅਸਮਰੱਥ ਹੈ ਜਾਂ ਪਰਿਸ਼ਦ ਦੀ ਸੰਤੁਸ਼ਟੀ 'ਤੇ ਸੰਬੱਧਤਾ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦੀ ਹੈ:

ਪਰੰਤੂ ਕਿਸੇ ਸੰਸਥਾ ਦੀ ਸੰਬੱਧਤਾ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨਾਂ ਅਤੇ ਉਸ ਦੇ ਕਾਰਨ ਕਲਮਬੰਦ ਕਰਕੇ ਲਿਖਤੀ ਰੂਪ ਵਿੱਚ ਹੁਕਮ ਪਾਸ ਕੀਤੇ ਬਿਨਾਂ ਵਾਪਸ ਨਹੀਂ ਲਈ ਜਾਵੇਗੀ;

(ਟ) ਪਰਿਸ਼ਦ ਦੇ ਨਿਯਮਾਂ, ਵਿਨਿਯਮਾਂ, ਫ਼ੈਸਲਿਆਂ, ਹਦਾਇਤਾਂ ਜਾਂ ਨਿਰਦੇਸ਼ਾਂ ਦੀ ਉਲੰਘਣਾ ਵਿੱਚ ਕੀਤੇ ਗਏ ਕਿਸੇ ਵੀ ਕੰਮ ਦੇ ਬਾਰੇ ਵਿੱਚ ਸਬੰਧਤ ਸੰਸਥਾਵਾਂ ਦੇ ਮੁੱਖੀਆਂ ਤੋਂ ਰਿਪੋਰਟਾਂ ਮੰਗਣਾ, ਜਿਵੇਂ ਉਲਿਖਤ ਕੀਤਾ ਜਾਵੇ;

(ਠ) ਅਧਿਐਨ ਦੇ ਉਲਿਖਤ ਕੋਰਸਾਂ ਦੀ ਸਹੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਪ੍ਰਯੋਜਨ ਨਾਲ ਕਿਸੇ ਸੰਬੱਧ ਸੰਸਥਾ ਦਾ ਨਿਰੀਖਣ ਕਰਨਾ ਜਾਂ ਨਿਰੀਖਣ ਕਰਵਾਉਣਾ ਅਤੇ ਇਹ ਯਕੀਨੀ ਬਣਾਉਣਾ ਕਿ ਹਦਾਇਤਾਂ ਲਈ ਸਹੂਲਤਾਂ ਸਹੀ ਢੰਗ ਨਾਲ ਉਪਬੰਧਤ ਕੀਤੀਆਂ ਗਈਆਂ ਹਨ ਅਤੇ ਉਹਨਾਂ ਦਾ ਲਾਭ ਉਠਾਇਆ ਗਿਆ ਹੈ;

(ਡ) ਆਪਣੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਦਾ ਪਾਲਣ ਕਰਨ ਲਈ ਲੋੜੀਂਦੀਆਂ ਤਕਨੀਕੀ, ਪੇਸ਼ੇਵਰ, ਪ੍ਰਸ਼ਾਸਕੀ, ਦਫ਼ਤਰੀ ਅਤੇ ਹੋਰ ਆਸਾਮੀਆਂ ਸਿਰਜਣਾ ਅਤੇ ਅਜਿਹੀਆਂ ਆਸਾਮੀਆਂ 'ਤੇ ਵਿਅਕਤੀਆਂ ਨੂੰ ਨਿਯੁਕਤ ਕਰਨਾ;

(ਢ) ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਧਨ ਉਧਾਰ ਲੈਣਾ;

(ਣ) ਨਵੇਂ ਕੋਰਸ ਸ਼ੁਰੂ ਕਰਨ ਅਤੇ ਇਸ ਦੇ ਸੰਬੰਧ ਵਿੱਚ ਮੁਨਾਸਬ ਪਾਠਕ੍ਰਮ ਦੇ ਵਿਕਾਸ ਬਾਰੇ ਸਰਕਾਰ ਨੂੰ ਸਿਫ਼ਾਰਸ਼ ਕਰਨਾ;

(ਤ) ਖੇਤੀਬਾੜੀ ਸਿੱਖਿਆ ਸੰਸਥਾਵਾਂ ਨੂੰ ਅਕਾਦਮਿਕ ਖੁਦਮੁਖਤਿਆਰੀ ਦੇਣ ਲਈ ਸੇਧਾਂ ਪ੍ਰਦਾਨ ਕਰਨਾ ਅਤੇ ਅਜਿਹੇ ਸੰਸਥਾਨਾਂ ਨੂੰ ਅਕਾਦਮਿਕ ਖੁਦਮੁਖਤਿਆਰੀ ਦੇਣਾ, ਜਿਵੇਂ ਇਹ ਜ਼ਰੂਰੀ ਸਮਝੇ;

(ਥ) ਖੇਤੀਬਾੜੀ ਸਿੱਖਿਆ ਅਤੇ ਸਿਖਲਾਈ ਦੇ ਵਪਾਰੀਕਰਨ ਨੂੰ ਰੋਕਣ ਦੇ ਮੰਤਵ ਲਈ ਕਾਲਜਾਂ ਦੁਆਰਾ ਟਿਊਸ਼ਨ ਅਤੇ ਹੋਰ ਫ਼ੀਸਾਂ ਵਸੂਲਣ ਲਈ ਮਿਆਰਾਂ ਅਤੇ ਸੇਧਾਂ ਦੀ ਨਜ਼ਰਸਾਨੀ ਕਰਨਾ;

(ਦ) ਇਸ ਐਕਟ ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਜਾਂ ਆਪਣੇ ਕਰਤੱਵਾਂ ਅਤੇ ਕਾਰਜਾਂ ਦੇ ਨਿਭਾਉਣ ਦੌਰਾਨ ਪੈਦਾ ਹੋਣ ਵਾਲੇ ਕਿਸੇ ਵੀ ਪ੍ਰਸ਼ਨ ਨੂੰ ਧਾਰਾ 7 ਅਧੀਨ ਗਠਤ ਕਿਸੇ ਵੀ ਮੁਨਾਸਬ ਕਮੇਟੀ ਨੂੰ ਭੇਜਣਾ ਅਤੇ ਉਸ 'ਤੇ ਕਮੇਟੀ ਦੀਆਂ ਸਿਫ਼ਾਰਸਾਂ ਜਾਂ ਸੁਝਾਵਾਂ 'ਤੇ ਵਿਚਾਰ ਕਰਨਾ; ਅਤੇ

(ਧ) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਗਠਤ ਕਿਸੇ ਵੀ ਸੰਬੱਧ ਸੰਸਥਾ ਜਾਂ ਹੋਰ ਅਥਾਰਟੀ ਨੂੰ, ਅਜਿਹੀਆਂ ਸ਼ਰਤਾਂ ਦੇ ਤਾਬੇ, ਆਪਣੀਆਂ ਅਜਿਹੀਆਂ ਸ਼ਕਤੀਆਂ ਨੂੰ ਹੁਕਮ ਦੁਆਰਾ ਸੌਂਪਣਾ, ਜੋ ਇਹ ਜ਼ਰੂਰੀ ਸਮਝੇ।

(2) ਪਰਿਸ਼ਦ ਕੋਲ, ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਅਜਿਹੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ ਜੋ ਇਸ ਐਕਟ

ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਆਪਣੇ ਕਾਰਜਾਂ ਅਤੇ ਕਰਤੱਵਾਂ ਨੂੰ ਨਿਭਾਉਣ ਲਈ ਜ਼ਰੂਰੀ ਹੋਣ।

ਪਰਿਸ਼ਦ ਦੀਆਂ ਕਮੇਟੀਆਂ ਦਾ ਗਠਨ।

7. (1) ਪਰਿਸ਼ਦ, ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਤੇ ਵਿਨਿਯਮਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ, ਹੇਠ-ਲਿਖੀਆਂ ਕਮੇਟੀਆਂ ਜਾਂ ਅਜਿਹੀਆਂ ਹੋਰ ਕਮੇਟੀਆਂ ਸਥਾਪਤ ਕਰ ਸਕਦੀ ਹੈ, ਜਿਵੇਂ ਮੁਕੱਰਰ ਕੀਤਾ ਜਾਵੇ, ਅਰਥਾਤ:-

(ੳ) ਅਕਾਦਮਿਕ ਕਮੇਟੀ;

(ਅ) ਸੰਬੱਧਤਾ ਅਤੇ ਮਾਨਤਾ ਕਮੇਟੀ;

(ੲ) ਵਿੱਤ ਕਮੇਟੀ; ਅਤੇ

(ਸ) ਲੋੜ ਅਨੁਸਾਰ ਕੋਈ ਹੋਰ ਕਮੇਟੀ।

(2) ਕਮੇਟੀਆਂ ਅਜਿਹੇ ਮੈਂਬਰਾਂ ਅਤੇ ਅਜਿਹੇ ਹੋਰ ਵਿਅਕਤੀਆਂ ਤੋਂ ਮਿਲ ਕੇ ਬਣਨਗੀਆਂ, ਜਿਵੇਂ ਪਰਿਸ਼ਦ ਅਜਿਹੇ ਤਰੀਕੇ ਨਾਲ, ਜੋ ਮੁਕੱਰਰ ਕੀਤਾ ਜਾਵੇ, ਜ਼ਰੂਰੀ ਸਮਝੇ।

(3) ਕਮੇਟੀਆਂ ਅਤੇ ਇਸ ਦੇ ਮੈਂਬਰਾਂ ਦੀ ਅਉਧ ਅਜਿਹੀ ਹੋਵੇਗੀ ਜੋ ਮੁਕੱਰਰ ਕੀਤੀ ਜਾਵੇ।

(4) ਹਰੇਕ ਕਮੇਟੀ ਆਪਣੀ ਰਿਪੋਰਟ ਪਰਿਸ਼ਦ ਨੂੰ ਉਸ 'ਤੇ ਅਜਿਹੇ ਫ਼ੈਸਲਿਆਂ ਲਈ ਪੇਸ਼ ਕਰੇਗੀ ਜਿਵੇਂ ਇਹ ਜ਼ਰੂਰੀ ਸਮਝੇ।

ਚੇਅਰਪਰਸਨ ਦੀਆਂ ਸ਼ਕਤੀਆਂ।

8. (1) ਪਰਿਸ਼ਦ ਦੀ ਨਿਗਰਾਨੀ, ਕੰਟਰੋਲ ਅਤੇ ਨਿਰਦੇਸ਼ ਦੇ ਤਾਬੇ, ਚੇਅਰਪਰਸਨ ਕੋਲ ਹੇਠ-ਲਿਖੀਆਂ ਸ਼ਕਤੀਆਂ ਹੋਣਗੀਆਂ, ਅਰਥਾਤ:-

(i) ਉਹ ਸਾਰੇ ਕੰਮ ਕਰਨੇ ਜੋ ਪਰਿਸ਼ਦ ਦੇ ਫ਼ੈਸਲਿਆਂ ਨੂੰ ਅਮਲੀ ਰੂਪ ਦੇਣ ਲਈ ਲੋੜੀਂਦੇ ਹੋਣ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਇਸ ਦੇ ਸਬੰਧ ਵਿੱਚ ਅਜਿਹੇ ਹੋਰ ਕਰਤੱਵ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ;

(ii) ਪਰਿਸ਼ਦ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਕਿਸੇ ਵੀ ਮਾਮਲੇ 'ਤੇ ਧਾਰਾ 7 ਅਧੀਨ ਗਠਤ ਕਮੇਟੀਆਂ ਦੀ ਸਿਫ਼ਾਰਸ਼ 'ਤੇ ਅਜਿਹੇ ਹੁਕਮ ਦੇਵੇਗਾ, ਜਿਵੇਂ ਉਹ ਜ਼ਰੂਰੀ ਸਮਝੇ:

ਪਰੰਤੂ ਜਿੱਥੇ ਅਜਿਹੇ ਹੁਕਮ ਕਮੇਟੀ ਜਾਂ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਨਾਲ ਅਸੰਗਤ ਹੋਣ, ਜਿਹੀ ਕਿ ਸੂਰਤ ਹੋਵੇ, ਉਹ ਹੁਕਮ ਪਾਸ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਇਨ੍ਹਾਂ ਦੀ ਪੁਸ਼ਟੀ ਲਈ ਪਰਿਸ਼ਦ ਦੇ ਸਾਹਮਣੇ ਪੇਸ਼ ਕੀਤੇ ਜਾਣਗੇ।

(2) ਜੇ ਚੇਅਰਪਰਸਨ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਪਰਿਸ਼ਦ ਦੇ ਅਧਿਕਾਰ ਖੇਤਰ ਦੇ ਅੰਦਰ ਆਉਣ ਵਾਲੇ ਕਿਸੇ ਮਾਮਲੇ 'ਤੇ ਕਾਰਵਾਈ ਕਰਨ ਦੀ ਲੋੜ ਹੈ, ਤਾਂ ਉਹ ਲਿਖਤੀ ਹੁਕਮ ਦੁਆਰਾ, ਹਰੇਕ ਮਾਮਲੇ ਦੇ ਤੱਥਾਂ ਅਤੇ ਹਾਲਾਤਾਂ ਨੂੰ

ਧਿਆਨ ਵਿੱਚ ਰੱਖਦੇ ਹੋਏ, ਅਜਿਹੀ ਕਾਰਵਾਈ ਕਰ ਸਕਦਾ ਹੈ, ਜੋ ਉਹ ਜ਼ਰੂਰੀ ਸਮਝੇ:

ਪਰੰਤੂ ਅਜਿਹਾ ਹੁਕਮ ਪਰਿਸ਼ਦ ਦੀ ਅਗਲੀ ਇਕੱਤਰਤਾ ਵਿੱਚ ਪੁਸ਼ਟੀ ਲਈ ਰੱਖਿਆ ਜਾਵੇਗਾ।

(3) ਚੇਅਰਪਰਸਨ ਪਰਿਸ਼ਦ ਦੀ ਇਕੱਤਰਤਾ ਨੂੰ ਬੁਲਾਏਗਾ ਅਤੇ ਪ੍ਰਧਾਨਗੀ ਕਰੇਗਾ ਜਿਸ ਵਿੱਚ ਉਹ ਮੌਜੂਦ ਹੋਵੇ।

ਮੈਂਬਰ-ਸਕੱਤਰ ਦੀ ਨਿਯੁਕਤੀ।

9. (1) ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਪਰਿਸ਼ਦ ਦੀ ਸਹਾਇਤਾ ਲਈ ਇੱਕ ਵਿਅਕਤੀ ਨੂੰ ਮੈਂਬਰ-ਸਕੱਤਰ ਵਜੋਂ ਨਿਯੁਕਤ ਕਰੇਗੀ ਅਤੇ ਉਹ, ਚੇਅਰਪਰਸਨ ਦੀ ਨਿਗਰਾਨੀ, ਕੰਟਰੋਲ ਅਤੇ ਨਿਰਦੇਸ਼ ਦੇ ਤਾਬੇ, ਪਰਿਸ਼ਦ ਦਾ ਮੁੱਖ ਕਾਰਜਕਾਰੀ ਅਧਿਕਾਰੀ ਹੋਵੇਗਾ।

(2) ਮੈਂਬਰ-ਸਕੱਤਰ ਪਰਿਸ਼ਦ ਦੇ ਲੇਖਿਆਂ ਦੇ ਅਨੁਮਾਨ ਅਤੇ ਆਮਦਨ ਅਤੇ ਖ਼ਰਚ ਦੇ ਸਾਲਾਨਾ ਵਿਵਰਣ ਅਤੇ ਸੰਤੁਲਨ-ਪੱਤਰ ਤਿਆਰ ਕਰਨ ਲਈ ਜ਼ਿੰਮੇਵਾਰ ਹੋਵੇਗਾ ਅਤੇ ਉਹ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਵੇਗਾ ਕਿ ਪਰਿਸ਼ਦ ਦਾ ਸਾਰਾ ਧਨ ਉਨ੍ਹਾਂ ਪ੍ਰਯੋਜਨਾਂ ਲਈ ਖ਼ਰਚ ਕੀਤਾ ਜਾਵੇ ਜਿਨ੍ਹਾਂ ਲਈ ਇਹ ਹੈ।

(3) ਮੈਂਬਰ-ਸਕੱਤਰ ਪਰਿਸ਼ਦ ਦੇ ਰਿਕਾਰਡ ਨੂੰ ਬਣਾਈ ਰੱਖਣ ਲਈ ਜ਼ਿੰਮੇਵਾਰ ਹੋਵੇਗਾ, ਜਿਸ ਵਿੱਚ ਇਸ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਵੀ ਸ਼ਾਮਲ ਹੈ ਅਤੇ ਉਹ ਪਰਿਸ਼ਦ ਦੀ ਇਕੱਤਰਤਾ ਵਿੱਚ ਮੌਜੂਦ ਰਹਿਣ ਅਤੇ ਬੋਲਣ ਦਾ ਹੱਕਦਾਰ ਹੋਵੇਗਾ, ਪਰ ਉਸ ਨੂੰ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(4) ਮੈਂਬਰ-ਸਕੱਤਰ ਅਜਿਹੀਆਂ ਸਾਰੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗਾ, ਜੋ ਜਾਂ ਤਾਂ ਚੇਅਰਪਰਸਨ ਦੁਆਰਾ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਉਸ ਨੂੰ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ ਜਾਂ ਪਰਿਸ਼ਦ ਦੁਆਰਾ ਉਸ ਨੂੰ ਸੌਂਪੀਆਂ ਜਾ ਸਕਦੀਆਂ ਹਨ।

ਅਫ਼ਸਰਾਂ ਅਤੇ ਕਰਮਚਾਰੀਆਂ ਦੀ ਨਿਯੁਕਤੀ।

10. ਪਰਿਸ਼ਦ, ਅਜਿਹੇ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ, ਜਿਵੇਂ ਇਹ ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਸਮਝੇ, ਸੇਵਾ ਦੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ 'ਤੇ ਨਿਯੁਕਤ ਕਰ ਸਕਦੀ ਹੈ, ਜਿਵੇਂ ਮੁਕੱਰਰ ਕੀਤੀਆਂ ਜਾਣ।

ਪਰਿਸ਼ਦ ਦੇ ਫ਼ੰਡ।

11. (1) ਪਰਿਸ਼ਦ ਦਾ ਖੇਤੀਬਾੜੀ ਸਿੱਖਿਆ ਵਿਕਾਸ ਫ਼ੰਡ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਫ਼ੰਡ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਇੱਕ ਵਾਰ ਦੀ ਗ੍ਰਾਂਟ ਦੁਆਰਾ ਬਣਾਇਆ ਜਾਵੇਗਾ।

(2) ਪਰਿਸ਼ਦ ਦੀਆਂ ਸਾਰੀਆਂ ਪ੍ਰਾਪਤ ਰਕਮਾਂ ਫ਼ੰਡ ਵਿੱਚ ਜਮ੍ਹਾਂ ਕੀਤੀਆਂ ਜਾਣਗੀਆਂ।

(3) ਪਰਿਸ਼ਦ ਦੁਆਰਾ ਕੀਤੇ ਗਏ ਸਾਰੇ ਖਰਚੇ ਫ਼ੰਡ ਵਿੱਚੋਂ ਕੀਤੇ ਜਾਣਗੇ, ਜਿਸ ਨੂੰ ਅਜਿਹੇ ਤਰੀਕੇ ਨਾਲ ਚਲਾਇਆ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(4) ਫ਼ੰਡ ਦੇ ਖਾਤੇ ਵਿੱਚ ਜਮ੍ਹਾਂ ਪਿਆ ਸਾਰਾ ਧਨ, ਭਾਰਤੀ ਰਿਜ਼ਰਵ ਬੈਂਕ ਐਕਟ, 1934 (1934 ਦਾ ਐਕਟ 2) ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਕਿਸੇ ਅਨੁਸੂਚਿਤ ਬੈਂਕ ਵਿੱਚ ਰੱਖਿਆ ਜਾਵੇਗਾ ਜਾਂ ਇਸ ਨੂੰ ਕੇਂਦਰੀ ਸਰਕਾਰ, ਰਾਜ ਸਰਕਾਰ ਜਾਂ ਕਿਸੇ ਜਨਤਕ ਖੇਤਰ ਦੇ ਅਦਾਰੇ ਦੀਆਂ ਪ੍ਰਤੀਭੂਤੀਆਂ ਵਿੱਚ ਵੀ ਨਿਵੇਸ਼ ਕੀਤਾ ਜਾ ਸਕੇਗਾ।

(5) ਇਸ ਫ਼ੰਡ ਦੀ ਵਰਤੋਂ ਇਸ ਐਕਟ ਦੁਆਰਾ ਜਾਂ ਇਸ ਅਧੀਨ ਅਧਿਕਾਰਤ ਚਾਰਜਿਜ਼ ਅਤੇ ਖ਼ਰਚਿਆਂ ਦੀ ਅਦਾਇਗੀ ਕਰਨ ਲਈ ਜਾਂ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਕੀਤੀ ਜਾਵੇਗੀ।

12. ਪਰਿਸ਼ਦ ਦੇ ਲੇਖੇ ਮੈਂਬਰ-ਸਕੱਤਰ ਦੁਆਰਾ ਤਿਆਰ ਕਰਵਾਏ ਜਾਣਗੇ ਅਤੇ ਅਜਿਹੀ ਰਕਮ ਦੀ ਅਦਾਇਗੀ 'ਤੇ ਅਜਿਹੀ ਏਜੰਸੀ ਦੁਆਰਾ ਸਾਲਾਨਾ ਤੌਰ ਤੇ ਆਡਿਟ ਕੀਤੇ ਜਾਣਗੇ, ਜਿਵੇਂ ਸਰਕਾਰ ਦੁਆਰਾ ਉਲਿਖਤ ਕੀਤਾ ਜਾਵੇ। ਲੇਖੇ ਅਤੇ ਆਡਿਟ।

13. (1) ਪਰਿਸ਼ਦ ਦੀ ਸਾਲਾਨਾ ਰਿਪੋਰਟ ਮੈਂਬਰ-ਸਕੱਤਰ ਦੁਆਰਾ ਤਿਆਰ ਕੀਤੀ ਜਾਵੇਗੀ ਅਤੇ ਅਜਿਹੇ ਸਮੇਂ ਦੇ ਅੰਦਰ, ਜਿਵੇਂ ਮੁਕੱਰਰ ਕੀਤਾ ਜਾਵੇ, ਪਰਿਸ਼ਦ ਨੂੰ ਪੇਸ਼ ਕੀਤੀ ਜਾਵੇਗੀ। ਸਾਲਾਨਾ ਰਿਪੋਰਟ।

(2) ਪਰਿਸ਼ਦ ਆਪਣੀ ਸਾਲਾਨਾ ਇਕੱਤਰਤਾ ਵਿੱਚ ਉਸ ਦੀ ਸਾਲਾਨਾ ਰਿਪੋਰਟ ਦੀ ਪ੍ਰਵਾਨਗੀ ਲਈ ਵਿਚਾਰ ਕਰੇਗੀ।

(3) ਪਰਿਸ਼ਦ ਇਕੱਤਰਤਾ ਤੋਂ ਤੀਹ ਦਿਨਾਂ ਦੇ ਅੰਦਰ-ਅੰਦਰ ਆਪਣੀ ਪ੍ਰਵਾਨਤ ਸਾਲਾਨਾ ਰਿਪੋਰਟ, ਆਡਿਟ ਕੀਤੇ ਸਾਲਾਨਾ ਲੇਖਿਆਂ ਅਤੇ ਸੰਤੁਲਨ-ਪੱਤਰ ਸਮੇਤ ਸਰਕਾਰ ਨੂੰ ਪੇਸ਼ ਕਰੇਗੀ।

(4) ਸਰਕਾਰ, ਉਪ-ਧਾਰਾ (3) ਅਧੀਨ ਪਰਿਸ਼ਦ ਦੇ ਆਡਿਟ ਕੀਤੇ ਸਾਲਾਨਾ ਲੇਖੇ ਅਤੇ ਸੰਤੁਲਨ-ਪੱਤਰ ਦੇ ਨਾਲ ਸਾਲਾਨਾ ਰਿਪੋਰਟ ਜਮ੍ਹਾਂ ਕਰਵਾਉਣ ਤੋਂ ਤੁਰੰਤ ਬਾਅਦ, ਇਸ ਨੂੰ ਰਾਜ ਵਿਧਾਨ ਸਭਾ ਦੇ ਅੱਗੇ ਰਖਵਾਏਗੀ:

ਪਰੰਤੂ ਜਦੋਂ ਰਿਪੋਰਟ ਅਤੇ ਲੇਖੇ ਬਜਟ ਇਜਲਾਸ ਵਿੱਚ ਰੱਖੇ ਜਾਣੇ ਹੋਣ, ਤਾਂ ਇਹਨਾਂ ਨੂੰ ਇਜਲਾਸ ਦੀ ਪਹਿਲੀ ਬੈਠਕ ਵਿੱਚ ਸਦਨ ਦੇ ਅੱਗੇ ਰੱਖਿਆ ਜਾਵੇਗਾ:

ਪਰੰਤੂ ਇਹ ਹੋਰ ਕਿ ਉਕਤ ਰਿਪੋਰਟ ਉਸ ਸਾਲ ਤੋਂ ਅਗਲੇ ਵਿੱਤੀ ਸਾਲ ਦੇ ਅੰਤ ਤੋਂ ਪਹਿਲਾਂ ਰਾਜ ਵਿਧਾਨ ਸਭਾ ਦੇ ਅੱਗੇ ਰੱਖੀ ਜਾਵੇਗੀ ਜਿਸ ਨਾਲ ਰਿਪੋਰਟ ਸਬੰਧਤ ਹੈ।

14. (1) ਸਰਕਾਰ ਕੋਲ ਨੀਤੀ ਦੇ ਕਿਸੇ ਮਾਮਲੇ ਬਾਬਤ ਜਾਂ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੀ ਉਲੰਘਣਾ ਕਰਨ ਵਿੱਚ ਪਰਿਸ਼ਦ ਦੁਆਰਾ ਕੀਤੇ ਗਏ ਕਿਸੇ ਵੀ ਕੰਮ ਦੇ ਸਬੰਧ ਵਿੱਚ ਪਰਿਸ਼ਦ ਨੂੰ ਹਵਾਲਾ ਦੇਣ ਦੀ ਸ਼ਕਤੀ ਹੋਵੇਗੀ। ਪਰਿਸ਼ਦ ਨੂੰ ਕੀਤਾ ਗਿਆ ਹਵਾਲਾ।

(2) ਪਰਿਸ਼ਦ ਸਰਕਾਰ ਨੂੰ ਉਸ ਕਾਰਵਾਈ ਬਾਰੇ ਰਿਪੋਰਟ ਕਰੇਗੀ, ਜੇ ਕੋਈ ਹੋਵੇ, ਜਿਵੇਂ ਇਹ ਉਪ-ਧਾਰਾ (1) ਅਧੀਨ ਦਿੱਤੇ ਗਏ ਹਵਾਲੇ 'ਤੇ ਕਰਨ ਦੀ

ਤਜਵੀਜ਼ ਰੱਖਦੀ ਹੈ ਜਾਂ ਕੀਤੀ ਹੈ, ਅਤੇ ਜੇ ਇਹ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਇੱਕ ਸਪੱਸ਼ਟੀਕਰਨ ਦੇਵੇਗੀ।

(3) ਜੇ ਪਰਿਸ਼ਦ ਸਰਕਾਰ ਦੀ ਸੰਤੁਸ਼ਟੀ ਲਈ ਅਜਿਹੇ ਹਵਾਲੇ 'ਤੇ ਕਾਰਵਾਈ ਕਰਨ ਵਿੱਚ ਵਾਜਬ ਸਮੇਂ ਦੇ ਅੰਦਰ ਅਸਫ਼ਲ ਰਹਿੰਦੀ ਹੈ, ਤਾਂ ਉਹ ਪਰਿਸ਼ਦ ਦੁਆਰਾ ਪੇਸ਼ ਕੀਤੇ ਗਏ ਸਪੱਸ਼ਟੀਕਰਨ 'ਤੇ ਵਿਚਾਰ ਕਰਨ ਤੋਂ ਬਾਅਦ, ਇਸ ਐਕਟ ਨਾਲ ਸੰਗਤ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਵੇਂ ਸਰਕਾਰ ਜ਼ਰੂਰੀ ਸਮਝੇ ਅਤੇ ਪਰਿਸ਼ਦ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

(4) ਸਰਕਾਰ, ਕਿਸੇ ਵੀ ਸਮੇਂ, ਕਿਸੇ ਅਜਿਹੀ ਅਥਾਰਟੀ ਜਾਂ ਵਿਅਕਤੀ ਦੁਆਰਾ, ਜਿਵੇਂ ਇਹ ਉਲਿਖਤ ਕਰੇ, ਪਰਿਸ਼ਦ ਦੇ ਉਚਿਤ ਅਤੇ ਪ੍ਰਭਾਵਸ਼ਾਲੀ ਕੰਮਕਾਜ ਬਾਰੇ ਅਤੇ ਪਰਿਸ਼ਦ ਦੇ ਪ੍ਰਸ਼ਾਸਨ ਅਤੇ ਵਿੱਤ ਨਾਲ ਜੁੜੇ ਕਿਸੇ ਵੀ ਮਾਮਲੇ ਬਾਰੇ ਸੰਤੁਸ਼ਟ ਕਰਨ ਲਈ, ਪਰਿਸ਼ਦ ਦੇ ਮਾਮਲਿਆਂ ਦਾ ਨਿਰੀਖਣ ਜਾਂ ਜਾਂਚ ਦਾ ਪ੍ਰਬੰਧ ਕਰ ਸਕਦੀ ਹੈ।

(5) ਪਰਿਸ਼ਦ ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਗਏ ਨਿਰੀਖਣ ਜਾਂ ਜਾਂਚ ਵਿੱਚ ਆਪਣੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਿਅਕਤੀ ਨੂੰ ਅਧਿਕਾਰਤ ਕਰ ਸਕਦੀ ਹੈ।

(6) ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਗਏ ਨਿਰੀਖਣ ਜਾਂ ਜਾਂਚ ਦੀ ਰਿਪੋਰਟ ਪ੍ਰਾਪਤ ਹੋਣ 'ਤੇ, ਸਰਕਾਰ ਇਸ ਦੀ ਪਰਖ ਕਰ ਸਕਦੀ ਹੈ ਅਤੇ ਪਰਿਸ਼ਦ ਨੂੰ ਅਜਿਹੇ ਨਿਰਦੇਸ਼ ਦੇ ਸਕਦੀ ਹੈ, ਜਿਵੇਂ ਇਹ ਜ਼ਰੂਰੀ ਸਮਝੇ।

(7) ਚੇਅਰਪਰਸਨ, ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ਾਂ ਦੀ ਪ੍ਰਾਪਤੀ ਦੀ ਤਰੀਕ ਤੋਂ ਅਨੁਬੰਧਤ ਸਮੇਂ ਦੇ ਅੰਦਰ ਪਰ ਤੀਹ ਦਿਨਾਂ ਤੋਂ ਘੱਟ ਨਹੀਂ, ਸਰਕਾਰ ਨੂੰ ਪਰਿਸ਼ਦ ਦੁਆਰਾ ਉਕਤ ਨਿਰਦੇਸ਼ਾਂ ਦੇ ਅਨੁਸਰਣ ਵਿੱਚ ਕੀਤੀ ਗਈ ਕਾਰਵਾਈ ਬਾਰੇ ਇਤਲਾਹ ਭੇਜੇਗਾ।

(8) ਉਪ-ਧਾਰਾ (7) ਵਿੱਚ ਉਲਿਖਤ ਮੁੱਦਤ ਦੇ ਗੁਜ਼ਰਨ 'ਤੇ, ਸਰਕਾਰ, ਚੇਅਰਪਰਸਨ ਤੋਂ ਪ੍ਰਾਪਤ ਇਤਲਾਹ, ਜੇ ਕੋਈ ਹੋਵੇ, 'ਤੇ ਵਿਚਾਰ ਕਰਨ ਤੋਂ ਬਾਅਦ, ਪਰਿਸ਼ਦ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਵੇਂ ਇਹ ਜ਼ਰੂਰੀ ਸਮਝੇ ਅਤੇ ਪਰਿਸ਼ਦ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

ਪਰਿਸ਼ਦ ਦਾ ਮਤਾ। 15. ਪਰਿਸ਼ਦ ਦਾ ਹਰੇਕ ਮਤਾ, ਅਜਿਹੇ ਮਤੇ ਨੂੰ ਪਾਸ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਸਰਕਾਰ ਨੂੰ ਸੰਸੂਚਿਤ ਕੀਤਾ ਜਾਵੇਗਾ। ਜੇ, ਸਰਕਾਰ ਦੀ ਰਾਏ ਵਿੱਚ, ਪਰਿਸ਼ਦ ਦਾ ਕੋਈ ਮਤਾ ਲੋਕ ਹਿੱਤ ਵਿੱਚ ਨਹੀਂ ਹੈ ਜਾਂ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾ ਵਿਨਿਯਮਾਂ ਦੇ ਅਨੁਰੂਪ ਨਹੀਂ ਹੈ, ਤਾਂ ਇਹ ਲਿਖਤੀ ਹੁਕਮ ਦੁਆਰਾ, ਅਜਿਹੇ ਮਤੇ ਦੀ ਤਾਮੀਲ ਨੂੰ ਮੁਅੱਤਲ ਕਰ ਸਕਦੀ ਹੈ:

ਪਰੰਤੂ ਉਹ ਮਤਾ, ਜਿਸ ਦੀ ਤਾਮੀਲ ਸਰਕਾਰ ਦੁਆਰਾ ਮੁਅੱਤਲ ਕੀਤੀ ਗਈ ਹੈ, ਪਰਿਸ਼ਦ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵਾਜਬ ਮੌਕਾ ਦਿੱਤੇ ਬਿਨਾਂ ਮਨਸੂਖ਼ ਨਹੀਂ ਕੀਤਾ ਜਾਵੇਗਾ।

16. ਸਰਕਾਰ ਪਰਿਸ਼ਦ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ ਜੋ ਉਸ ਦੀ ਰਾਏ ਵਿੱਚ ਇਸ ਐਕਟ ਦੇ ਪ੍ਰਯੋਜਨਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੋਣ ਅਤੇ ਪਰਿਸ਼ਦ ਅਜਿਹੇ ਸਾਰੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ। ਨਿਰਦੇਸ਼ ਜਾਰੀ ਕਰਨ ਦੀਆਂ ਸ਼ਕਤੀਆਂ।

17. ਪਰਿਸ਼ਦ ਵੱਲੋਂ ਸੰਬੱਧ ਇਨਕਾਰ ਕਰਨ ਜਾਂ ਵਾਪਸ ਲੈਣ ਦੇ ਹੁਕਮ ਤੋਂ ਦੁਖਤ ਸੰਸਥਾ, ਅਜਿਹੇ ਹੁਕਮ ਦੇ ਸੰਸੂਚਤ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਮੁੱਖ ਸਕੱਤਰ ਨੂੰ ਅਪੀਲ ਕਰ ਸਕਦੀ ਹੈ ਜਿਸ ਦਾ ਫ਼ੈਸਲਾ ਅੰਤਮ ਹੋਵੇਗਾ। ਅਪੀਲ।

18. (1) ਪਰਿਸ਼ਦ ਦੇ ਸਾਰੇ ਮੈਂਬਰ, ਅਧਿਕਾਰੀ ਅਤੇ ਕਰਮਚਾਰੀ, ਇਸ ਐਕਟ ਦੇ ਕਿਸੇ ਉਪਬੰਧਾਂ ਦੇ ਅਨੁਸਰਣ ਵਿੱਚ ਕਾਰਜ ਕਰਦੇ ਸਮੇਂ ਜਾਂ ਤਾਤਪਰਜਤ ਕਾਰਜ ਕਰਦੇ ਹੋਏ, ਭਾਰਤੀ ਦੰਡ ਸੰਘਤਾ, 1860 (1860 ਦਾ ਕੇਂਦਰੀ ਐਕਟ 45) ਦੀ ਧਾਰਾ 21 ਦੇ ਅਰਥਾਂ ਵਿੱਚ ਲੋਕ ਸੇਵਕ ਸਮਝੇ ਜਾਣਗੇ। ਪਰਿਸ਼ਦ ਦੇ ਮੈਂਬਰਾਂ ਦਾ ਲੋਕ ਸੇਵਕ ਹੋਣਾ।

(2) ਹਰੇਕ ਵਿਅਕਤੀ ਪਰਿਸ਼ਦ ਨਾਲ ਸੰਬੱਧ ਜਾਂ ਸੰਬੱਧ ਚਾਹੁਣ ਵਾਲੀ ਕਿਸੇ ਸੰਸਥਾ ਵਿੱਚ ਨਿਗਰਾਨੀ ਜਾਂ ਨਿਰੀਖਣ ਦੇ ਕੰਮ ਦੇ ਕਰਤੱਵ ਸੌਂਪੇ ਜਾਣ ਤੇ, ਅਜਿਹੇ ਨਿਰੀਖਣ ਦੀ ਮੁੱਦਤ ਦੇ ਦੌਰਾਨ ਅਤੇ ਅਜਿਹੇ ਨਿਰੀਖਣ ਦੇ ਸ਼ੁਰੂ ਹੋਣ ਦੀ ਤਰੀਕ ਤੋਂ ਇੱਕ ਮਹੀਨਾ ਪਹਿਲਾਂ ਅਤੇ ਬੰਦ ਹੋਣ ਤੋਂ ਦੋ ਮਹੀਨਿਆਂ ਬਾਅਦ, ਭਾਰਤੀ ਦੰਡ ਸੰਘਤਾ, 1860 (1860 ਦਾ ਕੇਂਦਰੀ ਐਕਟ 45) ਦੀ ਧਾਰਾ 21 ਦੇ ਅਰਥਾਂ ਵਿੱਚ ਲੋਕ ਸੇਵਕ ਸਮਝਿਆ ਜਾਵੇਗਾ।

19. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਪਰਿਸ਼ਦ ਜਾਂ ਇਸ ਦੀਆਂ ਅਥਾਰਟੀਆਂ, ਅਧਿਕਾਰੀ ਜਾਂ ਪਰਿਸ਼ਦ ਦੇ ਕਿਸੇ ਕਰਮਚਾਰੀ ਵਿਰੁੱਧ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫਾਜ਼ਤ।

20. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕਿਸੇ ਕਠਨਾਈ ਨੂੰ ਦੂਰ ਕਰਨ ਦੀ ਦ੍ਰਿਸ਼ਟੀ ਨਾਲ, ਸਰਕਾਰ ਕਿਸੇ ਸਮੇਂ, ਇਸ ਐਕਟ ਦੇ ਅਰੰਭ ਤੋਂ ਬਾਅਦ, ਕਿਸੇ ਵੀ ਮਾਮਲੇ ਨੂੰ ਲਿਖਤੀ ਹੁਕਮ ਦੁਆਰਾ ਵਿਨਿਯਮਤ ਕਰ ਸਕਦੀ ਹੈ, ਜੋ ਇਸ ਐਕਟ ਅਧੀਨ ਇੱਕ ਵਿਨਿਯਮ ਦੁਆਰਾ ਮੁਕੱਰਰ ਜਾਂ ਉਲਿਖਤ ਕੀਤਾ ਜਾਣਾ ਹੈ, ਜਿਹੀ ਕਿ ਸੂਰਤ ਹੋਵੇ। ਕਠਨਾਈਆਂ ਦੂਰ ਕਰਨ ਦੀ ਸ਼ਕਤੀ।

21. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਦੇ ਹਨ, ਅਰਥਾਤ:-

(ੳ) ਪਰਿਸ਼ਦ ਦੇ ਮੈਂਬਰ ਅਤੇ ਅਧਿਕਾਰੀਆਂ ਨੂੰ ਅਦਾਇਗੀਯੋਗ ਤਨਖਾਹ ਅਤੇ ਭੱਤੇ;

(ਅ) ਧਾਰਾ 7 ਵਿੱਚ ਹਵਾਲਾ ਦਿੱਤੀਆਂ ਗਈਆਂ ਕਮੇਟੀਆਂ ਦੇ ਮੈਂਬਰਾਂ ਦੀ ਅਉਧ, ਰਚਨਾ ਅਤੇ ਗਿਣਤੀ; ਅਤੇ

(ੲ) ਕੋਈ ਹੋਰ ਮਾਮਲਾ ਜੋ ਇਸ ਐਕਟ ਅਧੀਨ ਮੁਕੱਰਰ ਕੀਤਾ ਜਾਣਾ ਹੈ, ਜਾਂ ਕੀਤਾ ਜਾਵੇ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਹੈ, ਤਾਂ ਉਸ ਤੋਂ ਪਿੱਛੋਂ, ਨਿਯਮ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

22. (1) ਪਰਿਸ਼ਦ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਸੰਗਤ ਵਿਨਿਯਮ ਬਣਾ ਸਕੇਗੀ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਦੇ ਹਨ, ਅਰਥਾਤ:-

(ੳ) ਵਿਦਿਆਰਥੀਆਂ ਦਾ ਸੰਬੱਧ ਸੰਸਥਾਵਾਂ ਵਿੱਚ ਦਾਖਲਾ;

(ਅ) ਸੰਬੱਧ ਸੰਸਥਾਵਾਂ ਦੁਆਰਾ ਉਪਬੰਧਤ ਕੀਤੇ ਜਾਣ ਵਾਲੇ ਅਧਿਐਨ ਅਤੇ ਸਿਖਲਾਈ ਦੇ ਕੋਰਸ;

(ੲ) ਡਿਗਰੀਆਂ ਪ੍ਰਦਾਨ ਕਰਨਾ ਅਤੇ ਉਹ ਲੋੜਾਂ ਜੋ ਵਿਦਿਆਰਥੀਆਂ ਨੂੰ ਇਹ ਪ੍ਰਾਪਤ ਕਰਨ ਲਈ ਪੂਰੀਆਂ ਕਰਨੀਆਂ ਚਾਹੀਦੀਆਂ ਹਨ;

(ਸ) ਕਿਸੇ ਸੰਸਥਾ ਦੀ ਸੰਬੱਧਤਾ ਦਾ ਤਰੀਕਾ;

(ਹ) ਡਿਗਰੀ ਪ੍ਰਦਾਨ ਕਰਨ ਦੀ ਯੋਗਤਾ ਦੇ ਪ੍ਰਯੋਜਨਾਂ ਲਈ ਕਿਸੇ ਸੰਸਥਾ ਦੁਆਰਾ ਕਰਵਾਏ ਜਾਣ ਵਾਲੇ ਅਧਿਐਨ ਦੇ ਕੋਰਸਾਂ, ਸਿਖਲਾਈ ਦੀ ਕਿਸਮ ਅਤੇ ਪ੍ਰੀਖਿਆਵਾਂ ਦੀ ਮਾਨਤਾ ਦਾ ਤਰੀਕਾ;

(ਙ) ਤਾਲਮੇਲ ਨੂੰ ਪ੍ਰਭਾਵਤ ਕਰਨ ਅਤੇ ਟਕਰਾਅ ਤੋਂ ਬਚਣ ਦੀ ਦ੍ਰਿਸ਼ਟੀ ਨਾਲ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਨਾਲ ਸਹਿਯੋਗ;

(ਖ) ਕਮੇਟੀਆਂ ਦੀਆਂ ਇਕੱਤਰਤਾਵਾਂ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ;

(ਗ) ਕਮੇਟੀਆਂ ਦੀਆਂ ਇਕੱਤਰਤਾਵਾਂ ਵਿੱਚ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ;

(ਘ) ਕਮੇਟੀਆਂ ਦੀਆਂ ਕਿਸੇ ਵੀ ਇਕੱਤਰਤਾਵਾਂ ਵਿੱਚ ਫ਼ੈਸਲਾ ਲੈਣ ਦਾ ਤਰੀਕਾ;

(ਙ) ਇਕੱਤਰਤਾਵਾਂ ਲਈ ਨਿਯਤ ਤਰੀਕਾਂ ਅਤੇ ਇਸ ਦੇ ਏਜੰਡੇ ਬਾਰੇ ਕਮੇਟੀ ਦੇ ਮੈਂਬਰਾਂ ਨੂੰ ਦਿੱਤੇ ਜਾਣ ਵਾਲੇ ਨੋਟਿਸ ਦੀ ਮੁੱਦਤ;

(ਚ) ਕਮੇਟੀਆਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈਆਂ ਦਾ ਰਿਕਾਰਡ ਰੱਖਣ ਦਾ ਤਰੀਕਾ;

(ਛ) ਕਮੇਟੀਆਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈਆਂ ਦੇ ਸੰਚਾਲਨ ਅਤੇ ਇਸ ਨਾਲ ਸਬੰਧਤ ਮਾਮਲਿਆਂ ਸਬੰਧੀ ਕੋਈ ਹੋਰ ਮਾਮਲਾ;

(ਜ) ਕੋਈ ਹੋਰ ਮਾਮਲਾ ਜੋ ਉਪਰੋਕਤ ਕਿਸੇ ਵੀ ਮਾਮਲੇ ਨਾਲ ਸੰਬੰਧਤ ਜਾਂ ਇਸ ਨਾਲ ਅਨੁਸੰਗਕ ਹੋ ਸਕਦਾ ਹੈ; ਅਤੇ

(ਝ) ਕੋਈ ਵੀ ਮਾਮਲਾ ਜੋ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਵਿਨਿਯਮਾਂ ਵਿੱਚ ਨਿਯਤ ਕਰਨਾ ਲੋੜੀਂਦਾ ਹੈ।

ਵਿਨਿਯਮਾਂ ਦਾ ਜਾਰੀ ਰਹਿਣਾ।

23. ਇਸ ਐਕਟ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਸੰਬੱਧਤਾ, ਦਾਖਲਾ, ਪਾਠਕ੍ਰਮ, ਸਟਾਫ਼ ਜਾਂ ਕਿਸੇ ਹੋਰ ਮਾਮਲੇ ਸਬੰਧੀ ਕੋਈ ਵੀ ਨਿਯਮ ਜਾਂ ਵਿਨਿਯਮ, ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ, ਅਜਿਹੀ ਅਰੰਭਤਾ ਤੋਂ ਦੋ ਸਾਲਾਂ ਲਈ ਲਾਗੂ ਰਹੇਗਾ ਅਤੇ ਇਸ ਮੁੱਦਤ ਦੌਰਾਨ ਕਾਲਜ ਤੀਹ ਦਿਨਾਂ ਦੇ ਅੰਦਰ ਪਰਿਸ਼ਦ ਨੂੰ ਇੱਕ ਪਰਿਸਥਿਤੀ ਰਿਪੋਰਟ ਅਤੇ ਛੇ ਮਹੀਨਿਆਂ ਦੇ ਅੰਦਰ ਇੱਕ ਪਾਲਣਾ ਰਿਪੋਰਟ ਜਮ੍ਹਾਂ

ਕਰਵਾਏਗਾ ਅਤੇ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੇ ਅੰਦਰ ਪਰਿਸ਼ਦ ਦੀ ਪ੍ਰਵਾਨਗੀ ਲਵੇਗਾ।

ਦੇਵਿੰਦਰ ਕੁਮਾਰ ਗੁਪਤਾ,
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3508/9-2025/Pb. Govt. Press, S.A.S. Nagar*

**ਭਾਗ-III**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 23 ਸਤੰਬਰ, 2025

ਨੰ: 42/ਭ.ਕ./2025.- ਪੰਜਾਬ ਸ਼ਹਿਰੀ ਆਵਾਜਾਈ ਫ਼ੰਡ ਐਕਟ, 2019 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 23rd September, 2025

**No. 42/L.C./2025.**- The Translation in Punjabi of the Punjab Urban Transport Fund Act, 2019 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਸ਼ਹਿਰੀ ਆਵਾਜਾਈ ਫ਼ੰਡ ਐਕਟ, 2019

(2019 ਦਾ ਪੰਜਾਬ ਐਕਟ ਨੰ: 13)

ਕਮੇਟੀ ਵੱਲੋਂ ਠੀਕ ਤਰ੍ਹਾਂ ਵਿਚਾਰੇ ਗਏ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਅਧੀਨ ਸਿਫ਼ਾਰਸ਼ ਕੀਤੇ ਜਾਂ ਪ੍ਰਵਾਨਤ ਸ਼ਹਿਰੀ ਆਵਾਜਾਈ ਪ੍ਰੋਜੈਕਟਾਂ ਲਈ ਸ਼ਹਿਰੀ ਆਵਾਜਾਈ ਵਿਕਾਸ, ਵਿਵਹਾਰਕਤਾ ਅੰਤਰਾਲ ਫ਼ੰਡਿੰਗ ਅਤੇ ਆਧਾਰਕ ਬਣਤਰ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਲਈ ਪੰਜਾਬ ਸ਼ਹਿਰੀ ਆਵਾਜਾਈ ਫ਼ੰਡ ਸਥਾਪਤ ਕਰਨ ਲਈ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਸ਼ਹਿਰੀ ਆਵਾਜਾਈ ਫ਼ੰਡ ਐਕਟ, 2019 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਚੇਅਰਪਰਸਨ" ਦਾ ਮਤਲਬ ਹੈ ਕਮੇਟੀ ਦਾ ਚੇਅਰਪਰਸਨ;

(ਅ) "ਕੰਪਨੀ" ਦਾ ਮਤਲਬ ਹੈ ਵਿਭਾਗ ਦੇ ਕੰਟਰੋਲ ਅਤੇ ਨਿਗਰਾਨੀ ਅਧੀਨ ਪੰਜਾਬ ਨਗਰਪਾਲਕ ਆਧਾਰਕ ਬਣਤਰ ਵਿਕਾਸ ਕੰਪਨੀ;

(ੲ) "ਕਮੇਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਗਠਤ ਪੰਜਾਬ ਸ਼ਹਿਰੀ ਆਵਾਜਾਈ ਫ਼ੰਡ ਪ੍ਰਬੰਧਨ ਕਮੇਟੀ;

(ਸ) "ਵਿਭਾਗ" ਦਾ ਮਤਲਬ ਹੈ ਸਥਾਨਕ ਸਰਕਾਰ ਵਿਭਾਗ;

(ਹ) "ਫ਼ੰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 7 ਅਧੀਨ ਗਠਤ ਪੰਜਾਬ ਸ਼ਹਿਰੀ ਆਵਾਜਾਈ ਫ਼ੰਡ;

(ਕ) "ਮੈਂਬਰ" ਦਾ ਮਤਲਬ ਹੈ ਕਮੇਟੀ ਦਾ ਮੈਂਬਰ;

(ਖ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਗ) "ਐਸ.ਪੀ.ਵੀ." ਦਾ ਮਤਲਬ ਹੈ ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਸ਼ਹਿਰੀ ਆਵਾਜਾਈ ਪ੍ਰੋਜੈਕਟਾਂ ਲਈ ਸਥਾਪਤ ਕੀਤੇ ਵਿਸ਼ੇਸ਼ ਪ੍ਰਯੋਜਨ ਗੱਡੀ;

(ਘ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਸਥਾਨਕ ਸਰਕਾਰ ਵਿਭਾਗ;

(ਙ) "ਆਵਾਜਾਈ" ਦਾ ਮਤਲਬ ਹੈ ਰਾਜ ਜਾਂ ਸਮੂਹਕ ਜਾਂ ਨਗਰਪਾਲਕਾ ਜਾਂ ਪ੍ਰਾਈਵੇਟ ਭਾਈਵਾਲ ਦੁਆਰਾ ਲੋਕਾਂ ਲਈ ਮੁਹੱਈਆ ਕਰਵਾਈ ਗਈ ਬੱਸ ਜਾਂ ਗੱਡੀ ਜਾਂ ਹੋਰ ਸਬੰਧਤ ਸੇਵਾਵਾਂ ਜਿਸ ਵਿੱਚ ਮੋਟਰਾਈਜ਼ਡ ਅਤੇ ਗੈਰ-ਮੋਟਰਾਈਜ਼ਡ ਗੱਡੀ ਸ਼ਾਮਲ ਹੈ; ਅਤੇ

(ਚ) "ਸ਼ਹਿਰੀ ਖੇਤਰ" ਦਾ ਮਤਲਬ ਹੈ ਸ਼ਹਿਰ ਦਾ ਉਹ ਖੇਤਰ ਜਿਵੇਂ ਪੰਜਾਬ ਨਗਰ ਨਿਗਮ ਐਕਟ, 1976 ਵਿੱਚ ਪਰਿਭਾਸ਼ਤ ਕੀਤਾ ਗਿਆ ਹੈ।

3. ਪੰਜਾਬ ਸ਼ਹਿਰੀ ਆਵਾਜਾਈ ਫੰਡ ਪ੍ਰਬੰਧਨ ਕਮੇਟੀ ਵਜੋਂ ਜਾਣੀ ਜਾਂਦੀ ਇੱਕ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜੋ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:- ਕਮੇਟੀ ਦਾ ਗਠਨ।

| | | |
|---|---|---|
| (1) | ਮੁੱਖ ਮੰਤਰੀ; | ਚੇਅਰਪਰਸਨ |
| (2) | ਮੰਤਰੀ, ਸਥਾਨਕ ਸਰਕਾਰ; | ਉਪ-ਚੇਅਰਪਰਸਨ |
| (3) | ਮੁੱਖ ਸਕੱਤਰ, ਪੰਜਾਬ ਸਰਕਾਰ; | ਮੈਂਬਰ |
| (4) | ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ; | ਮੈਂਬਰ |
| (5) | ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ; | ਮੈਂਬਰ |
| (6) | ਪ੍ਰਸ਼ਾਸਕੀ ਸਕੱਤਰ, ਪੰਜਾਬ ਸਰਕਾਰ, ਆਵਾਜਾਈ ਵਿਭਾਗ; | ਮੈਂਬਰ |
| (7) | ਸੰਯੁਕਤ ਪ੍ਰਬੰਧਨ ਨਿਰਦੇਸ਼ਕ, ਪੰਜਾਬ ਨਗਰਪਾਲਕ ਆਧਾਰਕ ਬਣਤਰ ਵਿਕਾਸ ਕੰਪਨੀ-ਕਮ-ਮੁੱਖ ਕਾਰਜਕਾਰੀ ਅਧਿਕਾਰੀ, ਪੰਜਾਬ ਨਗਰਪਾਲਕ ਅਧਾਰਕ ਬਣਤਰ ਵਿਕਾਸ ਕੰਪਨੀ; | ਮੈਂਬਰ-ਸਕੱਤਰ |
| (8) | ਰਾਜ ਆਵਾਜਾਈ ਕਮਿਸ਼ਨਰ, ਪੰਜਾਬ; ਅਤੇ | ਮੈਂਬਰ |
| (9) | ਪ੍ਰਬੰਧਕ ਨਿਰਦੇਸ਼ਕ, ਪੰਜਾਬ ਆਧਾਰਕ ਬਣਤਰ ਵਿਭਾਗ ਬੋਰਡ-ਕਮ-ਮੈਂਬਰ ਸਕੱਤਰ, ਪੰਜਾਬ ਬੱਸ ਮੈਟਰੋ ਸੋਸਾਇਟੀ। | ਮੈਂਬਰ |

ਕਮੇਟੀ ਦੇ ਕਾਰਜ। 4. ਕਮੇਟੀ ਹੇਠ-ਲਿਖੇ ਕਾਰਜ ਕਰੇਗੀ, ਅਰਥਾਤ:-

(1) ਸ਼ਹਿਰੀ ਖੇਤਰ ਵਿੱਚ ਜਨਤਕ ਆਵਾਜਾਈ ਸਬੰਧੀ ਨੀਤੀਆਂ, ਪ੍ਰੋਗਰਾਮਾਂ ਅਤੇ ਤਰਜੀਹਾਂ ਨੂੰ ਨਿਰਧਾਰਤ ਕਰਨਾ;

(2) ਫ਼ੰਡਾਂ ਦੇ ਉਚਿਤ ਉਪਭੋਗ ਅਤੇ ਪ੍ਰਗਤੀ ਦਾ ਨਿਰੀਖਣ, ਮੁਲਾਂਕਣ ਅਤੇ ਨਜ਼ਰਸਾਨੀ ਕਰਨਾ;

(3) ਸ਼ਹਿਰੀ ਆਵਾਜਾਈ ਪ੍ਰਣਾਲੀ ਨੂੰ ਸਹਾਰਾ ਦੇਣ ਅਤੇ ਕੁਆਲਟੀ ਵਾਲੀਆਂ ਸੇਵਾਵਾਂ ਨੂੰ ਵਧਾਉਣ ਅਤੇ ਰੱਖ-ਰਖਾਅ ਲਈ ਵਸੀਲਿਆਂ ਦੀ ਉਤਪਤੀ ਸਬੰਧੀ ਸੁਝਾਅ ਅਤੇ ਸਿਫ਼ਾਰਸ਼ਾਂ ਦੇਣਾ;

(4) ਸ਼ਹਿਰੀ ਵਿਕਾਸ ਸੇਵਾਵਾਂ ਦੇ ਵਿਕਾਸ ਲਈ ਕਰਜ਼ੇ ਚੁੱਕਣ, ਬਾਂਡ ਅਤੇ ਡਿਬੈਂਚਰ ਜਾਰੀ ਕਰਨ ਅਤੇ ਹੋਰ ਵਸੀਲਿਆਂ ਸਬੰਧੀ ਫ਼ੈਸਲੇ ਲੈਣਾ।

(5) ਸ਼ਹਿਰੀ ਆਵਾਜਾਈ ਦੀ ਆਊਟਸੋਰਸਿੰਗ ਦੀਆਂ ਸੰਭਾਵਨਾਵਾਂ ਨੂੰ ਭਾਲਣਾ ਅਤੇ ਉਤਸ਼ਾਹਿਤ ਕਰਨਾ;

(6) ਫ਼ੰਡ ਦੀ ਫ਼ੰਡਿੰਗ ਕਰਨ ਲਈ ਢੰਗ-ਤਰੀਕਿਆਂ 'ਤੇ ਕੰਮ ਕਰਨਾ ਅਤੇ ਇਸ ਨੂੰ ਸਰਕਾਰ ਦੀ ਪ੍ਰਵਾਨਗੀ ਲਈ ਪੇਸ਼ ਕਰਨਾ;

(7) ਸ਼ਹਿਰੀ ਆਵਾਜਾਈ ਗਤੀਵਿਧੀਆਂ ਲਈ ਫ਼ੰਡ ਵਿੱਚੋਂ ਰਕਮਾਂ ਦੀ ਵੰਡ ਕਰਨਾ; ਅਤੇ

(8) ਸਰਕਾਰ ਦੁਆਰਾ ਸੌਂਪੇ ਗਏ ਕੋਈ ਹੋਰ ਕਾਰਜ।

ਕਮੇਟੀ ਦੇ ਅਧਿਕਾਰੀ ਅਤੇ ਕਰਮਚਾਰੀ। 5. (1) ਕਮੇਟੀ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਅਜਿਹੀਆਂ ਅਸਾਮੀਆਂ ਦੀ ਰਚਨਾ ਕਰ ਸਕਦੀ ਹੈ ਅਤੇ ਕਮੇਟੀ ਦੇ ਅਜਿਹੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਨਿਯੁਕਤ ਕਰ ਸਕਦੀ ਹੈ ਜਿਵੇਂ ਕਿ ਇਹ ਆਪਣੇ ਕਾਰਜਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝੇ।

(2) ਕਮੇਟੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਨਿਬੰਧਨ ਅਜਿਹੇ ਹੋਣਗੇ ਜਿਵੇਂ ਵਿਨਿਯਮਾਂ ਦੁਆਰਾ ਉਲਿਖਤ ਕੀਤੇ ਗਏ ਹੋਣ।

6. (1) ਇਸ ਐਕਟ ਦੇ ਅਰੰਭ ਹੋਣ ਤੋਂ, ਪੰਜਾਬ ਰਾਜ ਦੇ ਸ਼ਹਿਰੀ ਖੇਤਰ ਦੇ ਅੰਦਰ ਹਰੇਕ ਵਿਅਕਤੀ ਇਸ ਐਕਟ ਅਧੀਨ ਜਿਵੇਂ ਅਨੁਸੂਚੀ ਵਿੱਚ ਉਲਿਖਤ ਕੀਤਾ ਗਿਆ ਹੋਵੇ, ਵਸਤੂਆਂ ਉੱਤੇ ਵਾਧੂ ਉਪਕਰ ਦੀ ਅਦਾਇਗੀ ਲਈ ਜ਼ਿੰਮੇਵਾਰ ਹੋਵੇਗਾ। ਫ਼ੰਡ ਦੇ ਸਰੋਤ।

(2) ਵਾਧੂ ਉਪ-ਕਰ ਅਜਿਹੀਆਂ ਦਰਾਂ ਤੇ ਅਦਾਇਗੀਯੋਗ ਹੋਵੇਗਾ ਜਿਵੇਂ ਵਸਤੂਆਂ ਦੇ ਸਬੰਧ ਵਿੱਚ ਅਨੁਸੂਚੀ ਵਿੱਚ ਉਲਿਖਤ ਕੀਤਾ ਗਿਆ ਹੋਵੇ।

(3) ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਨਿਯਮਾਂ ਦੇ ਤਾਬੇ, ਪੰਜਾਬ ਮੁੱਲ ਜੋੜ ਕਰ ਐਕਟ, 2005 ਦੇ ਅਧੀਨ ਉਪ-ਕਰ ਦੀ ਅਦਾਇਗੀ ਲਈ ਮਜ਼ਬੂਰ ਕਰਨ, ਨਿਰਧਾਰਨ ਕਰਨ, ਮੁੜ-ਨਿਰਧਾਰਣ ਕਰਨ ਅਤੇ ਇਕੱਠਾ ਕਰਨ ਲਈ ਤੱਤਸਮੇਂ ਸ਼ਕਤਵਾਨ ਅਥਾਰਟੀਆਂ, ਕਮੇਟੀ ਦੇ ਨਮਿੱਤ, ਇਸ ਐਕਟ ਦੇ ਅਧੀਨ ਇੱਕ ਵਿਅਕਤੀ ਦੁਆਰਾ ਅਦਾਇਗੀਯੋਗ ਕਿਸੇ ਵੀ ਵਿਆਜ਼ ਜਾਂ ਡੰਨ ਸਮੇਤ ਵਾਧੂ ਉਪ-ਕਰ ਦੀ ਅਦਾਇਗੀ ਦਾ ਨਿਰਧਾਰਣ, ਮੁੜ-ਨਿਰਧਾਰਣ, ਇਕੱਠਾ ਅਤੇ ਅਦਾਇਗੀ ਲਈ ਮਜ਼ਬੂਰ ਕਰਨਗੇ; ਜਿਸ ਵਿੱਚ ਵਿਆਜ਼ ਜਾਂ ਜੁਰਮਾਨਾ ਸ਼ਾਮਲ ਹੈ, ਜਿਵੇਂ ਕਿ ਅਜਿਹਾ ਵਾਧੂ ਉਪ-ਕਰ ਜਾਂ ਵਿਆਜ਼ ਜਾਂ ਡੰਨ, ਪੰਜਾਬ ਮੁੱਲ ਜੋੜ ਕਰ ਐਕਟ, 2005 ਅਧੀਨ ਅਦਾਇਗੀਯੋਗ ਹੋਵੇ ਅਤੇ ਇਸ ਪ੍ਰਯੋਜਨ ਲਈ, ਉਪਰੋਕਤ ਅਥਾਰਟੀਆਂ ਪੰਜਾਬ ਮੁੱਲ ਜੋੜ ਕਰ ਐਕਟ, 2005 ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਅਧੀਨ ਉਹਨਾਂ ਦੁਆਰਾ ਵਰਤੀਆਂ ਜਾਣ ਵਾਲੀਆਂ ਸਾਰੀਆਂ ਜਾਂ ਕਿਸੇ ਵੀ ਸ਼ਕਤੀਆਂ ਦੀ ਵਰਤੋਂ ਕਰ ਸਕਦੇ ਹਨ ਅਤੇ ਪੰਜਾਬ ਮੁੱਲ ਜੋੜ ਕਰ ਐਕਟ, 2005 ਦੇ ਰਿਟਰਨਾਂ, ਆਰਜ਼ੀ ਨਿਰਧਾਰਨ, ਨਿਰਧਾਰਨ, ਮੁੜ-ਨਿਰਧਾਰਨ, ਦਰੁੱਸਤੀ, ਨਜ਼ਰਸਾਨੀ, ਕਰ ਦੀ ਪੇਸ਼ਗੀ ਅਦਾਇਗੀ, ਕਿਸੇ ਵੀ ਕਾਰੋਬਾਰ ਦੇ ਇੰਤਕਾਲ ਪਾਤਰ ਦਾ ਰਜਿਸਟਰੀਕਰਨ, ਕਰ ਦੇਣਦਾਰੀ ਲਗਾਉਣਾ, ਅਜਿਹੇ ਕਾਰੋਬਾਰ

ਵਿੱਚ ਉਤਰਾਧਿਕਾਰੀ ਦੇ ਮੁੰਤਕਿਲ ਦਾ ਕਾਰੋਬਾਰ ਚਲਾਉਣਾ, ਕਿਸੇ ਵੀ ਫਰਮ ਦੀ ਕਿਸੇ ਵੀ ਉੱਤਰਦਾਇਤਾ ਦਾ ਮੁੰਤਕਿਲ ਜਾਂ ਫਰਮ ਦਾ ਤੁੜਾਓ, ਤੀਜੀ ਧਿਰਾਂ ਦੀ ਕਰ ਦੀ ਵਸੂਲੀ, ਅਪੀਲਾਂ, ਨਜ਼ਰਸਾਨੀਆਂ, ਸੁਧਾਈਆਂ, ਦਰੁੱਸਤੀਆਂ, ਹਵਾਲੇ, ਰਿਫੰਡ, ਰੀਬੇਟ, ਵਿਆਜ਼ ਜਾਂ ਡੰਨ, ਵਿਆਜ਼ ਦੀ ਮੰਗ ਜਾਂ ਅਦਾਇਗੀ, ਅਪਰਾਧਾਂ ਦਾ ਰਾਜ਼ੀਨਾਮਾ ਅਤੇ ਇੱਕ ਵਿਅਕਤੀ ਦੁਆਰਾ ਦਸਤਾਵੇਜ਼ਾਂ ਦਾ ਵਰਤਾਓ, ਜੋ ਕਿਸੇ ਵਿਅਕਤੀ ਦੁਆਰਾ ਗੁਪਤ ਰੱਖੇ ਗਏ ਹਨ, ਨਾਲ ਸਬੰਧਤ ਉਪਬੰਧ ਉਸ ਅਨੁਸਾਰ ਲਾਗੂ ਹੋਣਗੇ।

(4) ਇਸ ਐਕਟ ਦੇ ਹੋਰ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਮੋਟਰ ਵਾਹਨ ਐਕਟ, 1988 ਅਧੀਨ ਨਿਲਾਮ ਕੀਤੇ ਵਾਹਨ ਨੰਬਰ ਪਲੇਟ ਦੀ ਅੰਤਿਮ ਕੀਮਤ ਤੇ ਉਪਕਰ ਦਾ ਨਿਰਧਾਰਣ, ਮੁੜ-ਨਿਰਧਾਰਣ, ਇਕੱਠਾ ਕਰਨਾ ਅਤੇ ਅਦਾਇਗੀ ਲਈ ਮਜ਼ਬੂਰ ਕਰਨ ਲਈ, ਤੱਤਸਮੇਂ ਲਈ ਸ਼ਕਤਵਾਨ ਅਥਾਰਟੀਆਂ, ਕਮੇਟੀ ਦੇ ਨਮਿੱਤ ਅਨੁਸੂਚੀ ਵਿੱਚ ਉਲਿਖਤ ਕੀਤੇ ਅਨੁਸਾਰ ਵਾਧੂ ਉਪ-ਕਰ ਦਾ ਨਿਰਧਾਰਣ, ਮੁੜ-ਨਿਰਧਾਰਣ, ਇਕੱਠਾ ਕਰਨ ਅਤੇ ਅਦਾਇਗੀ ਲਈ ਮਜ਼ਬੂਰ ਕਰਨਗੇ।

(5) ਉਪ-ਧਾਰਾਵਾਂ (3) ਅਤੇ (4) ਅਧੀਨ ਇਕੱਠਾ ਕੀਤਾ ਵਾਧੂ ਉਪ-ਕਰ, ਅਜਿਹੇ ਸਮੇਂ ਦੇ ਅੰਦਰ ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਫੰਡ ਵਿੱਚ ਜਮ੍ਹਾਂ ਕਰ ਦਿੱਤਾ ਜਾਵੇਗਾ।

ਫ਼ੰਡ ਦਾ ਗਠਨ। 7. (1) ਪੰਜਾਬ ਸ਼ਹਿਰੀ ਆਵਾਜਾਈ ਫ਼ੰਡ ਕਿਹਾ ਜਾਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ, ਜੋ ਕਮੇਟੀ ਵਿੱਚ ਨਿਹਿਤ ਹੋਵੇਗਾ।

(2) ਫ਼ੰਡ ਨੂੰ ਕਮੇਟੀ ਦੇ ਅਜਿਹੇ ਅਧਿਕਾਰੀ ਜਾਂ ਅਧਿਕਾਰੀਆਂ ਦੁਆਰਾ ਪ੍ਰਸ਼ਾਸਤ ਕੀਤਾ ਜਾਵੇਗਾ ਜਿਵੇਂ ਇਸ ਦੁਆਰਾ ਇਸ ਨਮਿੱਤ ਨਿਯੁਕਤ ਕੀਤੇ ਗਏ ਹੋਣ।

(3) ਧਾਰਾ 6 ਅਧੀਨ ਇਕੱਠਾ ਕੀਤਾ ਗਿਆ ਵਾਧੂ ਉਪਕਰ ਅਤੇ ਸਰਕਾਰ ਅਤੇ ਨਗਰਪਾਲਕਾਵਾਂ ਤੋਂ ਗ੍ਰਾਂਟਾਂ ਅਤੇ ਇਸ ਐਕਟ ਅਧੀਨ ਲਏ ਗਏ ਕਰਜ਼ੇ ਅਜਿਹੇ ਸਮੇਂ ਦੇ ਅੰਦਰ ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਫ਼ੰਡ ਵਿੱਚ ਜਮ੍ਹਾਂ ਕੀਤੇ ਜਾਣਗੇ।

8. ਫ਼ੰਡ ਦਾ ਹੇਠ-ਲਿਖੇ ਪ੍ਰਯੋਜਨਾਂ ਲਈ ਉਪਭੋਗ ਕੀਤਾ ਜਾਵੇਗਾ, ਅਰਥਾਤ:- ਫ਼ੰਡ ਦੀ ਉਪਭੋਗਤਾ।

(1) ਕਮੇਟੀ ਦੁਆਰਾ ਉਚਿਤ ਢੰਗ ਨਾਲ ਵਿਚਾਰੇ ਗਏ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਅਧੀਨ ਸਿਫ਼ਾਰਸ਼ ਕੀਤੇ ਜਾਂ ਪ੍ਰਵਾਨ ਕੀਤੇ ਗਏ ਸ਼ਹਿਰੀ ਆਵਾਜਾਈ ਪ੍ਰੋਜੈਕਟਾਂ ਲਈ ਸ਼ਹਿਰੀ ਆਵਾਜਾਈ ਵਿਕਾਸ, ਵਿਵਹਾਰਣਯੋਗਤਾ ਗੈਪ ਫ਼ੰਡਿੰਗ ਅਤੇ ਆਧਾਰਕ ਬਣਤਰ ਨੂੰ ਤੇਜ਼ ਕਰਨਾ;

(2) ਸ਼ਹਿਰੀ ਆਵਾਜਾਈ ਪ੍ਰੋਜੈਕਟਾਂ ਨੂੰ ਪਰਿਪਾਲਣ ਕਰਨ ਵਾਲੀਆਂ ਰਾਜ ਦੀਆਂ ਵੱਖ-ਵੱਖ ਵਿਸ਼ੇਸ਼ ਪ੍ਰਯੋਜਨ ਗੱਡੀਆਂ ਅਤੇ ਸੰਸਥਾਵਾਂ ਨੂੰ ਵਿੱਤੀ ਸਹਾਇਤਾ;

(3) ਸ਼ਹਿਰੀ ਆਵਾਜਾਈ ਨਾਲ ਸਬੰਧਤ ਅਧਿਐਨਾਂ ਦਾ ਸੰਚਾਲਣ ਕਰਨਾ;

(4) ਸ਼ਹਿਰੀ ਆਵਾਜਾਈ ਨਾਲ ਸਬੰਧਤ ਵੱਖ-ਵੱਖ ਸ਼ਹਿਰੀ ਆਵਾਜਾਈ ਗਤੀਵਿਧੀਆਂ ਅਤੇ ਅਧਿਐਨਾਂ ਲਈ ਸਲਾਹਕਾਰਾਂ ਨੂੰ ਭਾੜੇ ਤੇ ਰੱਖਣ ਵਿੱਚ ਪਲਚਿਤ ਖਰਚੇ;

(5) ਸਮਰੱਥਾ ਨਿਰਮਾਣ, ਸਥਿਤੀ ਗਿਆਨ ਅਤੇ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕਰਨਾ ਜਿਸ ਵਿੱਚ ਸ਼ਹਿਰੀ ਆਵਾਜਾਈ 'ਤੇ ਸੈਮੀਨਾਰ, ਸੰਮੇਲਨ ਸ਼ਾਮਲ ਹੋਣ; ਅਤੇ

(6) ਸ਼ਹਿਰੀ ਆਵਾਜਾਈ ਨਾਲ ਸਬੰਧਤ ਕੋਈ ਹੋਰ ਪ੍ਰਯੋਜਨ ਜਿਵੇਂ ਕਮੇਟੀ ਠੀਕ ਸਮਝੇ।

9. ਇਸ ਐਕਟ ਜਾਂ ਇਸ ਅਧੀਨ ਬਣਾਏ ਨਿਯਮਾਂ ਜਾਂ ਜਾਰੀ ਕੀਤੇ ਹੁਕਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ, ਸਰਕਾਰ ਜਾਂ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਪੰਜਾਬ ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਓ।

ਨਗਰਪਾਲਕਾ ਅਧਾਰਕ ਬਣਤਰ ਵਿਕਾਸ (ਕੰਪਨੀ) ਵਿਰੁੱਧ ਕੋਈ, ਦਾਵਾ, ਮੁਕੱਦਮਾ ਜਾਂ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਨਿਯਮ ਬਣਾਉਣ ਦੀ ਸ਼ਕਤੀ।

10. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਦੇ ਹਨ, ਅਰਥਾਤ:-

(ੳ) ਸਲਾਨਾ ਆਮਦਨ ਅਤੇ ਖਰਚ ਦੇ ਅਨੁਮਾਨ ਦੀ ਪ੍ਰਵਾਨਗੀ ਲਈ ਤਿਆਰੀ ਅਤੇ ਜਮ੍ਹਾਂ ਕਰਵਾਉਣਾ;

(ਅ) ਮੁੱਦਤ ਜਿਸ ਦੇ ਅੰਦਰ ਧਾਰਾ 6 ਅਤੇ 7 ਅਧੀਨ ਇਕੱਠੀ ਕੀਤੀ ਰਕਮ ਫ਼ੰਡ ਵਿੱਚ ਜਮ੍ਹਾਂ ਕੀਤੀ ਜਾਣੀ ਹੈ;

(ੲ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

(3) ਇਸ ਧਾਰਾ ਅਧੀਨ ਬਣਾਇਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਕਿ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ

ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

11. (1) ਕਮੇਟੀ, ਸਮੇਂ-ਸਮੇਂ ਤੇ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨਾਂ ਲਈ, ਵਿਨਿਯਮ ਬਣਾ ਸਕਦੀ ਹੈ, ਜੋ ਇਸ ਐਕਟ ਅਤੇ ਉਸ ਅਧੀਨ ਬਣਾਏ ਨਿਯਮਾਂ ਦੇ ਅਸੰਗਤ ਨਾ ਹੋਣ। ਵਿਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਪ੍ਰਬੰਧ ਕਰ ਸਕਦੇ ਹਨ-

(ੳ) ਕਮੇਟੀ ਦੀ ਇਕੱਤਰਤਾ ਵਿੱਚ ਕਾਰਜ ਸੰਚਾਲਣ ਕਰਨ ਲਈ; ਅਤੇ

(ਅ) ਕਮੇਟੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਉਨਾਂ ਦੇ ਕਾਰਜਾਂ ਅਤੇ ਕਰਤੱਵਾਂ ਲਈ।

12. ਕੰਪਟਰੋਲਰ ਅਤੇ ਆਡੀਟਰ ਜਨਰਲ ਦੇ (ਕਰਤੱਵਾਂ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 (1971 ਦਾ ਕੇਂਦਰੀ ਐਕਟ 56) ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਫ਼ੰਡ ਦਾ ਆਡਿਟ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਵੱਲੋਂ ਕੀਤਾ ਜਾਵੇਗਾ। ਆਡਿਟ।

13. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ, ਜਿਸ ਵਿੱਚ ਇਸ ਐਕਟ ਦੇ ਉਪਬੰਧਾਂ ਨੂੰ ਅਨੁਕੂਲ ਬਣਾਉਣ ਜਾਂ ਰੂਪਭੇਦ ਕਰਨਾ ਸ਼ਾਮਲ ਹੈ ਜੋ ਰਾਜ ਸਰਕਾਰ ਨੂੰ ਅਜਿਹੀ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਜ਼ਰੂਰੀ ਜਾਂ ਉਚਿਤ ਪ੍ਰਤੀਤ ਹੋਣ: ਕਠਨਾਈਆਂ ਦੂਰ ਕਰਨ ਦੀ ਸ਼ਕਤੀ।

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

ਅਨੁਸੂਚੀ ਨੂੰ ਸੋਧਣ ਦੀ ਸ਼ਕਤੀ।

14. ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਅਨੁਸੂਚੀ ਵਿੱਚ ਉਲਿਖਤ ਕੀਤੇ ਗਏ ਉਪ-ਕਰ ਦੀ ਦਰ ਨੂੰ ਬਦਲ ਸਕਦੀ ਹੈ, ਅਨੁਸੂਚੀ ਵਿੱਚ ਜੋੜ ਜਾਂ ਲੋਪ ਜਾਂ ਹੋਰ ਤਰ੍ਹਾਂ ਨਾਲ ਸੋਧ ਕਰ ਸਕਦੀ ਹੈ ਅਤੇ ਇਸ ਤੋਂ ਬਾਅਦ ਅਨੁਸੂਚੀ ਨੂੰ ਉਸ ਅਨੁਸਾਰ ਸੋਧਿਆ ਗਿਆ ਸਮਝਿਆ ਜਾਵੇਗਾ।

## ਅਨੁਸੂਚੀ

(ਧਾਰਾਵਾਂ 6 ਅਤੇ 14 ਦੇਖੋ)

| ਲੜੀ ਨੰ: | ਚੀਜਾਂ ਅਤੇ ਵਸਤੂਆਂ ਦਾ ਵੇਰਵਾ | ਇਸ ਐਕਟ ਅਧੀਨ ਲਗਾਇਆ ਜਾਣ ਵਾਲਾ ਵਾਧੂ ਉਪ-ਕਰ | ਉਹ ਪੜਾਅ ਜਿਸ ਤੇ ਵਾਧੂ ਉਪ-ਕਰ ਲਗਾਇਆ ਜਾਂਦਾ ਹੈ। |
|---|---|---|---|
| 1. | (ੳ) ਉੱਚ ਗਤੀ ਡੀਜ਼ਲ (ਐਚ.ਐਸ.ਡੀ.) | ਸ਼ਹਿਰੀ ਖੇਤਰ ਦੇ ਅੰਦਰ 10 ਪੈਸੇ ਪ੍ਰਤੀ ਲੀਟਰ ਉਗਰਾਹੀ। | ਪੰਜਾਬ ਰਾਜ ਵਿੱਚ ਸ਼ਹਿਰੀ ਖੇਤਰ ਦੇ ਅੰਦਰ ਡੀਜ਼ਲ ਦੀ ਵਿਕਰੀ ਦੇ ਪਹਿਲੇ ਪੜਾਅ ਤੇ ਉਗਰਾਹੀ ਹੋਵੇਗੀ। |

| | | | |
|---|---|---|---|
| | (ਅ) ਪੈਟਰੋਲ | ਸ਼ਹਿਰੀ ਖੇਤਰ ਦੇ ਅੰਦਰ 10 ਪੈਸੇ ਪ੍ਰਤੀ ਲੀਟਰ ਉਗਰਾਹੀ। | ਪੰਜਾਬ ਰਾਜ ਵਿੱਚ ਸ਼ਹਿਰੀ ਖੇਤਰ ਦੇ ਅੰਦਰ ਪੈਟਰੋਲ ਦੀ ਵਿਕਰੀ ਦੇ ਪਹਿਲੇ ਪੜਾਅ ਤੇ ਉਗਰਾਹੀ ਹੋਵੇਗੀ। |
| 2. | (ੳ) ਵੈਨਿਟੀ ਪਲੇਟਾਂ [ਨਿੱਜੀ ਬਣਾਈ ਵਾਹਨ ਪਲੇਟ] | ਨਿਲਾਮ ਕੀਤੇ ਵਾਹਨ ਨੰਬਰ ਪਲੇਟ ਦੀ ਅੰਤਿਮ ਕੀਮਤ ਤੇ 10% ਉਪ-ਕਰ ਦੀ ਉਗਰਾਹੀ। | ਉਗਰਾਹੀ ਵਾਹਨ ਦੀ ਰਜਿਸਟ੍ਰੇਸ਼ਨ ਦੇ ਪਹਿਲੇ ਪੜਾਅ ਤੇ ਹੋਵੇਗੀ। |
| | (ਅ) ਪੁਰਾਣੇ ਵੀ.ਆਈ.ਪੀ. ਨੰਬਰ ਬਰਕਰਾਰ ਰੱਖਣ ਦੀ ਸੂਰਤ ਵਿੱਚ। | | |
| | (i) ਇੱਕ ਇਕਹਿਰੇ ਅੰਕ ਵਾਲੇ ਵਾਹਨ ਨੰਬਰ ਜਿਵੇਂ ਕਿ ਵਾਹਨ ਨੰਬਰ 0001 ਲਈ | 25,000 ਰੁਪਏ | ਉਸੇ ਤਰ੍ਹਾਂ |
| | ਵਾਹਨ ਨੰਬਰ 0002-0009 ਲਈ | 10,000 ਰੁਪਏ | |

| | | |
|---|---|---|
| (ii) ਇੱਕ ਦੋਹਰੇ ਅੰਕ ਵਾਲਾ ਅਤੇ ਹੋਰ ਵਾਹਨ ਨੰਬਰ, ਜਿਵੇਂ ਕਿ ਵਾਹਨ ਨੰਬਰ 0010-99 | 5,000 ਰੁਪਏ | ਉਸੇ ਤਰ੍ਹਾਂ |
| ਵਾਹਨ ਨੰਬਰ 0100-9999 ਲਈ | 2,000 ਰੁਪਏ | |

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3508/9-2025/Pb. Govt. Press, S.A.S. Nagar*

**ਭਾਗ-IV**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 23 ਸਤੰਬਰ, 2025

ਨੰ: 43/ਭ.ਕ./2025.-ਪੰਜਾਬ ਨਗਰਪਾਲਕ ਸੰਪੱਤੀਆਂ ਦਾ ਪ੍ਰਬੰਧਨ ਅਤੇ ਤਬਾਦਲਾ ਐਕਟ, 2020 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 23rd September, 2025

**No. 43/L.C./2025.**-The Translation in Punjabi of the Punjab Management and Transfer of Municipal Properties Act, 2020 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਨਗਰਪਾਲਕ ਸੰਪੱਤੀਆਂ ਦਾ ਪ੍ਰਬੰਧਨ ਅਤੇ ਤਬਾਦਲਾ ਐਕਟ, 2020

(2020 ਦਾ ਪੰਜਾਬ ਐਕਟ ਨੰ: 8)

ਵਸੀਲਿਆਂ ਅਰਥਾਤ ਭੋਂ ਅਤੇ ਇਮਾਰਤਾਂ ਨੂੰ ਮੁਕਤ ਕਰਕੇ ਅਤੇ ਉਹਨਾਂ ਦਾ ਸਰਵੋਤਮ ਉਪਭੋਗ ਕਰਕੇ ਪੰਜਾਬ ਰਾਜ ਦੇ ਨਗਰਪਾਲਕਾ ਕਸਬਿਆਂ ਅਤੇ ਸ਼ਹਿਰਾਂ ਵਿੱਚ ਮੂਲ ਨਾਗਰਿਕ ਸੇਵਾਵਾਂ ਦੀ ਸਮਾਵੇਸੀ ਅਤੇ ਟਿਕਾਊ ਡਿਲੀਵਰੀ ਲਈ ਅਤੇ ਇਸ ਨਾਲ ਸਬੰਧਤ ਮਾਮਲਿਆਂ ਜਾਂ ਉਸ ਦੇ ਨਾਲ ਅਨੁਸੰਗਕ ਮਾਮਲਿਆਂ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਇਕੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਨਗਰਪਾਲਕ ਸੰਪੱਤੀਆਂ ਦਾ ਪ੍ਰਬੰਧਨ ਅਤੇ ਤਬਾਦਲਾ ਐਕਟ, 2020 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੈ।

(3) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਮੂਲ ਨਾਗਰਿਕ ਸੇਵਾਵਾਂ" ਦਾ ਮਤਲਬ ਹੈ ਪੀਣ ਵਾਲੇ ਪਾਣੀ ਦੀ ਸਪਲਾਈ, ਜਲ ਨਿਕਾਸ, ਸੀਵਰੇਜ, ਠੋਸ ਰਹਿੰਦ ਦਾ ਨਿਪਟਾਰਾ,

ਗਲੀਆਂ ਵਿੱਚ ਲਾਈਟਾਂ ਅਤੇ ਵਾਤਾਵਰਨ ਨੂੰ ਸੁਧਾਰਨ ਦੀਆਂ ਸੇਵਾਵਾਂ ਜਿਵੇਂ ਨਗਰਪਾਲਕਾ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ;

(ਅ) "ਇਮਾਰਤ" ਦਾ ਮਤਲਬ ਹੈ ਇੱਕ ਘਰ, ਬਾਹਰਲਾ ਘਰ, ਤਬੇਲਾ, ਝੌਂਪੜੀ, ਹੱਟ ਅਤੇ ਹੋਰ ਬੰਦ ਢਾਂਚਾ ਭਾਵੇਂ ਉਹ ਇੱਟਾਂ ਦੀ ਚਿਣਾਈ, ਲੱਕੜ, ਚਿੱਕੜ, ਧਾਤ ਜਾਂ ਭਾਵੇਂ ਉਹ ਕਿਸੇ ਹੋਰ ਸਮੱਗਰੀ ਦਾ ਹੋਵੇ, ਭਾਵੇਂ ਉਹ ਮਨੁੱਖ ਦੇ ਰਹਿਣ ਲਈ ਵਰਤਿਆ ਜਾਂਦਾ ਹੋਵੇ ਜਾਂ ਹੋਰ ਤਰ੍ਹਾਂ ਅਤੇ ਇਸ ਵਿੱਚ ਵਰਾਂਡਾ, ਸਥਿਰ ਚਬੂਤਰੇ, ਥਮਲੇ, ਦਹਿਲੀਜਾਂ, ਬਿਜਲੀ ਮੀਟਰ, ਕੰਧਾਂ ਸਮੇਤ ਚਾਰਦੀਵਾਰੀ ਅਤੇ ਵਾੜ, ਅਤੇ ਇਸ ਤਰ੍ਹਾਂ ਦੇ ਹੋਰ ਸ਼ਾਮਲ ਹਨ, ਪਰੰਤੂ ਇਸ ਵਿੱਚ ਇਮਾਰਤ ਵਿੱਚ ਸ਼ਾਮਲ ਪਲਾਂਟ ਅਤੇ ਮਸ਼ੀਨਰੀ ਸ਼ਾਮਲ ਨਹੀਂ ਹੈ;

(ੲ) "ਕੁਲੈਕਟਰ" ਦਾ ਮਤਲਬ ਹੈ ਡਿਪਟੀ ਕਮਿਸ਼ਨਰ ਅਤੇ ਇਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਾਂ ਕਮਿਸ਼ਨਰ, ਨਗਰ ਨਿਗਮ ਜਾਂ ਇਸ ਐਕਟ ਅਧੀਨ ਇੱਕ ਕੁਲੈਕਟਰ ਦੇ ਕਾਰਜਾਂ ਨੂੰ ਨਿਭਾਉਣ ਲਈ ਸਰਕਾਰ ਦੁਆਰਾ ਖ਼ਾਸ ਤੌਰ ਤੇ ਨਿਯੁਕਤ ਕੋਈ ਹੋਰ ਅਧਿਕਾਰੀ ਸ਼ਾਮਲ ਹੈ;

(ਸ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ ਵਿੱਚ ਸਥਾਨਕ ਸਰਕਾਰ ਵਿਭਾਗ;

(ਹ) "ਨਗਰਪਾਲਕਾ" ਦਾ ਮਤਲਬ ਹੈ ਸਥਾਨਕ ਸਵੈ ਸਰਕਾਰ ਦੀ ਇੱਕ ਸੰਸਥਾ ਜਿਵੇਂ ਪੰਜਾਬ ਨਗਰਪਾਲਕ ਐਕਟ, 1911 ਜਾਂ ਪੰਜਾਬ ਨਗਰ ਨਿਗਮ ਐਕਟ, 1976 ਵਿੱਚ ਪਰਿਭਾਸ਼ਤ ਕੀਤਾ ਗਿਆ ਹੈ ਜਾਂ ਪੰਜਾਬ ਨਗਰ ਸੁਧਾਰ ਐਕਟ, 1922 ਅਧੀਨ ਨਿਗਮਤ ਜਾਂ ਸੰਗਠਤ ਸੁਧਾਰ ਟਰੱਸਟ;

(ਕ) "ਨਗਰਪਾਲਕ ਸੰਪੱਤੀ" ਦਾ ਮਤਲਬ ਹੈ ਨਗਰਪਾਲਕਾ ਦੀ ਮਲਕੀਅਤ ਵਾਲੀ ਭੋਂ ਅਤੇ ਇਮਾਰਤ;

(ਖ) "ਕਬਜ਼ੇਦਾਰ" ਦਾ ਮਤਲਬ ਹੈ ਉਹ ਵਿਅਕਤੀ ਜਿਸ ਦਾ ਨਗਰਪਾਲਕਾ ਦੀ ਮਲਕੀਅਤ ਵਾਲੀ ਸੰਪੱਤੀ ਤੇ ਅਧਿਕਾਰਤ ਜਾਂ ਅਣਅਧਿਕਾਰਤ ਤਰੀਕੇ ਨਾਲ ਕਬਜ਼ਾ ਹੈ;

(ਗ) "ਨਗਰਪਾਲਕਾ ਦੇ ਅਧਿਕਾਰੀ" ਦਾ ਮਤਲਬ ਹੈ ਪੰਜਾਬ ਨਗਰ ਨਿਗਮ ਐਕਟ, 1976 ਅਧੀਨ ਕਮਿਸ਼ਨਰ ਜਾਂ ਪੰਜਾਬ ਨਗਰਪਾਲਕ ਐਕਟ, 1911 ਅਧੀਨ ਕਾਰਜਕਾਰੀ ਅਫ਼ਸਰ ਜਾਂ ਪੰਜਾਬ ਨਗਰ ਸੁਧਾਰ ਐਕਟ, 1922, ਅਧੀਨ ਕਾਰਜਕਾਰੀ ਅਫ਼ਸਰ, ਜਿਹੀ ਕਿ ਸੂਰਤ ਹੋਵੇ;

(ਘ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਙ) "ਰਿਸ਼ਤੇਦਾਰ" ਦਾ ਮਤਲਬ ਹੈ ਉਹ ਵਿਅਕਤੀ ਜਿਵੇਂ ਕੰਪਨੀ ਐਕਟ, 2013 ਦੀ ਧਾਰਾ 2 ਦੇ ਖੰਡ (77) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ;

(ਚ) "ਉਲਿਖਤ" ਦਾ ਮਤਲਬ ਹੈ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਉਲਿਖਤ;

(ਛ) "ਕਿਰਾਏਦਾਰ" ਦਾ ਮਤਲਬ ਹੈ ਉਹ ਵਿਅਕਤੀ ਜਿਸ ਨੂੰ ਨਗਰਪਾਲਕ ਸੰਪੱਤੀ ਕਿਰਾਏ ਤੇ ਜਾਂ ਪਟੇ ਤੇ ਦਿੱਤੀ ਗਈ ਹੈ;

(ਜ) "ਤਬਾਦਲਾ" ਦਾ ਮਤਲਬ ਹੈ ਇੱਕ ਕੀਮਤ ਜਾਂ ਕਿਰਾਏ ਤੇ ਲਈ ਨਗਰਪਾਲਕ ਸੰਪੱਤੀ ਨੂੰ ਵੇਚਣਾ ਜਾਂ ਪਟੇ ਤੇ ਦੇਣਾ;

(ਝ) "ਟ੍ਰਿਬਿਊਨਲ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 17 ਅਧੀਨ ਗਠਤ ਕੀਤਾ ਗਿਆ ਟ੍ਰਿਬਿਊਨਲ;

(ਞ) "ਸ਼ਹਿਰੀ ਖੇਤਰ" ਦਾ ਮਤਲਬ ਹੈ ਉਹ ਖੇਤਰ ਜੋ ਨਗਰਪਾਲਕਾ ਦੀਆਂ ਸੀਮਾਵਾਂ ਵਿੱਚ ਸ਼ਾਮਲ ਹੈ; ਅਤੇ

(ਟ) ਸ਼ਬਦ ਅਤੇ ਪਦ ਜਿਨ੍ਹਾਂ ਨੂੰ ਇਸ ਐਕਟ ਵਿੱਚ ਵਰਤਿਆ ਗਿਆ ਹੈ ਪ੍ਰੰਤੂ ਪਰਿਭਾਸ਼ਤ ਨਹੀਂ ਕੀਤਾ ਗਿਆ ਹੈ, ਦਾ ਉਹੀ ਮਤਲਬ ਹੋਵੇਗਾ ਜੋ ਉਹਨਾਂ ਨੂੰ ਪੰਜਾਬ ਨਗਰਪਾਲਕ ਐਕਟ, 1911 ਜਾਂ ਪੰਜਾਬ ਨਗਰ

ਨਿਗਮ ਐਕਟ, 1976 ਜਾਂ ਪੰਜਾਬ ਸ਼ਹਿਰੀ ਸੁਧਾਰ ਐਕਟ, 1922 ਵਿੱਚ ਦਿੱਤਾ ਗਿਆ ਹੈ।

ਨਗਰਪਾਲਕ ਸੰਪੱਤੀ ਦਾ ਪ੍ਰਬੰਧਨ।

3. ਪੰਜਾਬ ਰਾਜ ਦੁਆਰਾ ਬਣਾਏ ਤੱਤਸਮੇਂ ਲਈ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਹਰੇਕ ਨਗਰਪਾਲਕਾ ਕਾਰਤ ਕਰੇਗੀ ਕਿ-

(ੳ) ਸਾਰੀਆਂ ਨਗਰਪਾਲਕ ਸੰਪੱਤੀਆਂ ਦੀ ਪਛਾਣ ਕੀਤੀ ਜਾਵੇ ਅਤੇ ਇਸ ਨੂੰ ਸਰਕਾਰ ਦੁਆਰਾ ਉਲਿਖਤ ਕੀਤੇ ਗਏ ਤਰੀਕੇ ਦੁਆਰਾ ਸੰਪੱਤੀ ਰਜਿਸਟਰ ਵਿੱਚ ਦਰਜ ਕੀਤਾ ਜਾਵੇ;

(ਅ) ਆਮ ਜਨਤਾ ਦੀ ਜਾਣਕਾਰੀ ਲਈ ਸਾਰੀਆਂ ਨਗਰਪਾਲਕ ਸੰਪੱਤੀਆਂ ਨੂੰ ਨਿਸ਼ਾਨ-ਦੇਹ ਅਤੇ ਅਧਿਸੂਚਿਤ ਕੀਤਾ ਜਾਵੇ;

(ੲ) ਕਿਰਾਏਦਾਰ ਜਾਂ ਕਬਜ਼ੇਦਾਰ ਵਿਅਕਤੀ ਦਾ ਨਾਮ ਅਤੇ ਪਤਾ, ਭਾਵੇਂ ਅਧਿਕਾਰਤ ਜਾਂ ਅਣਅਧਿਕਾਰਤ, ਅਜਿਹੇ ਕਬਜ਼ੇਦਾਰ ਦੇ ਕਬਜ਼ੇ ਹੇਠ ਨਗਰਪਾਲਕ ਸੰਪੱਤੀ ਦੇ ਵੇਰਵਿਆਂ ਦੇ ਨਾਲ, ਆਮ ਜਨਤਾ ਦੀ ਜਾਣਕਾਰੀ ਲਈ ਅਧਿਸੂਚਿਤ ਕੀਤਾ ਜਾਵੇ;

(ਸ) ਧਨਧਾਮ ਪ੍ਰਬੰਧਨ ਨੀਤੀ ਅਤੇ ਪੂੰਜੀ ਨਿਵੇਸ਼ ਯੋਜਨਾ ਤੇ ਸਰਕਾਰ ਦੇ ਹੁਕਮਾਂ ਦਾ ਅਨੁਸਰਣ ਕੀਤਾ ਜਾਵੇ।

ਨਗਰਪਾਲਕ ਸੰਪੱਤੀ ਦਾ ਤਬਾਦਲਾ।

4. ਪੰਜਾਬ ਰਾਜ ਦੁਆਰਾ ਬਣਾਏ ਤੱਤਸਮੇਂ ਲਈ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇੱਕ ਨਗਰਪਾਲਕਾ ਵਪਾਰਕ ਸੰਪੱਤੀਆਂ ਦੇ ਮਾਮਲੇ ਵਿੱਚ ਇੱਕ ਖੁੱਲ੍ਹੀ ਈ-ਨਿਲਾਮੀ ਰਾਹੀਂ ਅਤੇ ਰਿਹਾਇਸ਼ੀ ਸੰਪੱਤੀਆਂ ਦੇ ਮਾਮਲੇ ਵਿੱਚ ਲਾਟਰੀ ਰਾਹੀਂ ਨਗਰਪਾਲਕ ਸੰਪੱਤੀ ਦਾ ਤਬਾਦਲਾ ਇੱਕ ਪਾਰਦਰਸ਼ੀ ਢੰਗ ਨਾਲ ਕਰ ਸਕੇਗੀ। ਹੋਰ ਸੰਪੱਤੀਆਂ ਦੇ ਮਾਮਲੇ ਵਿੱਚ ਨਗਰਪਾਲਕਾ, ਸਰਕਾਰ ਦੁਆਰਾ ਦਿੱਤੇ ਨਿਰਦੇਸ਼ਾਂ ਦਾ ਅਨੁਸਰਣ ਕਰੇਗੀ, ਜਿਵੇਂ ਸਮੇਂ-ਸਮੇਂ ਤੇ ਉਲਿਖਤ ਕੀਤਾ ਜਾਵੇ:

ਪਰੰਤੂ ਖੁੱਲ੍ਹੀ ਈ-ਨਿਲਾਮੀ ਅਤੇ ਲਾਟਰੀ ਦਾ ਸੰਚਾਲਣ ਅਜਿਹੇ ਤਰੀਕੇ ਨਾਲ ਕੀਤਾ ਜਾਵੇਗਾ ਜਿਵੇਂ ਇਸ ਐਕਟ ਵਿੱਚ ਨਿਯਤ ਕੀਤਾ ਗਿਆ ਹੋਵੇ।

ਕਿਰਾਏਦਾਰਾਂ ਜਾਂ ਕਬਜ਼ੇਦਾਰਾਂ ਵਿੱਚ ਮਾਲਕਾਨਾ ਅਧਿਕਾਰਾਂ ਦਾ ਨਿਹਿਤ ਹੋਣਾ।

5. (1) ਪੰਜਾਬ ਰਾਜ ਦੁਆਰਾ ਬਣਾਏ ਤੱਤਸਮੇਂ ਲਈ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇੱਕ ਨਗਰਪਾਲਕਾ ਇਸ ਐਕਟ ਦੀ ਧਾਰਾ 7 ਅਧੀਨ ਇਸ ਪ੍ਰਯੋਜਨ ਲਈ ਗਠਤ ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ ਦੁਆਰਾ ਨਿਰਧਾਰਤ ਕੀਮਤ ਤੇ ਅਤੇ ਸਰਕਾਰ ਦੁਆਰਾ ਸਮੇਂ ਸਮੇਂ ਤੇ ਉਲਿਖਤ ਕੀਤੀਆਂ ਜਾਣ ਵਾਲੀਆਂ ਸ਼ਰਤਾਂ ਦੀ ਸੰਤੁਸ਼ਟੀ ਤੇ ਅਜਿਹੀ ਨਗਰਪਾਲਕ ਸੰਪੱਤੀ ਦੇ ਮਾਲਕਾਨਾ ਅਧਿਕਾਰ ਇੱਕ ਕਿਰਾਏਦਾਰ ਜਾਂ ਕਬਜ਼ੇਦਾਰ ਦੇ ਹੱਕ ਵਿੱਚ ਨਿਹਿਤ ਕਰ ਸਕਦੀ ਹੈ:

ਪ੍ਰੰਤੂ ਕੋਈ ਕਿਰਾਏਦਾਰ ਜਾਂ ਕਬਜ਼ੇਦਾਰ ਦਾ ਘੱਟੋ-ਘੱਟ ਬਾਰਾਂ ਸਾਲਾਂ ਤੋਂ ਅਜਿਹੀ ਨਗਰਪਾਲਕ ਸੰਪੱਤੀ ਤੇ ਲਗਾਤਾਰ ਕਬਜ਼ਾ ਹੋਵੇ:

ਪ੍ਰੰਤੂ ਹੋਰ ਕਿ ਕਿਰਾਏਦਾਰ ਜਾਂ ਕਬਜ਼ੇਦਾਰ ਨਗਰਪਾਲਕਾ ਜਾਂ ਸਥਾਨਕ ਸਰਕਾਰ ਵਿਭਾਗ ਦਾ ਕਰਮਚਾਰੀ ਜਾਂ ਨਗਰਪਾਲਕਾ ਦਾ ਚੁਣਿਆ ਹੋਇਆ ਮੈਂਬਰ ਜਾਂ ਉਸ ਦਾ ਰਿਸ਼ਤੇਦਾਰ ਜਾਂ ਸੰਸਦ ਮੈਂਬਰ ਜਾਂ ਉਸਦਾ ਰਿਸ਼ਤੇਦਾਰ ਜਾਂ ਪੰਜਾਬ ਵਿਧਾਨ ਸਭਾ ਦਾ ਮੈਂਬਰ ਜਾਂ ਉਸ ਦਾ ਰਿਸ਼ਤੇਦਾਰ ਨਾ ਹੋਵੇ ਜਾਂ ਨਹੀਂ ਹੋਣਾ ਚਾਹੀਦਾ।

(2) ਇੱਕ ਕਿਰਾਏਦਾਰ ਜਾਂ ਇੱਕ ਕਬਜ਼ੇਦਾਰ ਬਿਜਲੀ ਮੀਟਰ ਕੁਨੈਕਸ਼ਨ ਜਾਂ ਪਾਣੀ ਪੂਰਤੀ ਕੁਨੈਕਸ਼ਨ ਜਾਂ ਰਾਸ਼ਨ ਕਾਰਡ ਜਾਂ ਸਰਕਾਰ ਦੁਆਰਾ ਜਾਰੀ ਕੋਈ ਹੋਰ ਦਸਤਾਵੇਜ਼ ਦੇ ਰੂਪ ਵਿੱਚ ਜ਼ਰੂਰੀ ਸਬੂਤ ਪੇਸ਼ ਕਰੇਗਾ ਜੋ ਇਹ ਦਰਸਾਉਂਦਾ ਹੈ ਕਿ ਨਿਹਿਤ ਕੀਤੀ ਜਾਣ ਵਾਲੀ ਨਗਰਪਾਲਕ ਸੰਪੱਤੀ ਪਿਛਲੇ ਬਾਰਾਂ ਸਾਲਾਂ ਤੋਂ ਉਸ ਦੇ ਲਗਾਤਾਰ ਕਬਜ਼ੇ ਵਿੱਚ ਸੀ।

(3) ਇਸ ਧਾਰਾ ਦੇ ਅਨੁਸਰਣ ਵਿੱਚ ਇੱਕ ਕਿਰਾਏਦਾਰ ਜਾਂ ਕਬਜ਼ੇਦਾਰ ਵਿੱਚ ਨਿਹਿਤ ਨਗਰਪਾਲਕ ਸੰਪੱਤੀ ਨੂੰ ਵੀਹ ਸਾਲਾਂ ਦੀ ਮੁੱਦਤ ਲਈ ਕਿਸੇ ਵੀ ਤਰੀਕੇ ਨਾਲ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ਤੇ ਵੇਚਿਆ ਜਾਂ ਪਟੇ ਜਾਂ ਬਾਕਬਜ਼ਾ ਰਹਿਨ ਨਹੀਂ ਕੀਤਾ ਜਾਵੇਗਾ ਜਾਂ ਹੋਰ ਤਰ੍ਹਾਂ ਹੱਥ ਬਦਲੀ ਨਹੀਂ ਕੀਤਾ ਜਾਵੇਗਾ ਸਿਵਾਏ ਵਿਰਾਸਤ ਦੇ ਤੌਰ ਤੇ ਜਾਂ ਉਸ ਸੰਪੱਤੀ ਵਿੱਚ ਸੁਧਾਰ ਕਰਨ ਲਈ ਕਰਜ਼ਾ ਲੈਣ ਲਈ ਰਾਜ ਸਰਕਾਰ ਜਾਂ ਅਰਧ ਸਰਕਾਰੀ ਸੰਗਠਨਾਂ ਜਾਂ ਬੈਂਕਾਂ ਦੇ ਹੱਕ ਵਿੱਚ ਗਿਰਵੀ ਰੱਖਣ ਜਾਂ ਰਹਿਨ ਕਰਨ ਦੇ ਤੌਰ ਤੇ।

(4) ਕਿਰਾਏਦਾਰ ਆਪਣੇ ਹੱਕ ਵਿੱਚ ਮਾਲਕਾਨਾ ਅਧਿਕਾਰ ਨਿਹਿਤ ਹੋਣ ਤੋਂ ਪਹਿਲਾਂ ਨਗਰਪਾਲਕਾ ਨੂੰ ਪਟੇ ਦੇ ਬਕਾਏ ਰਹਿੰਦੇ ਕਿਰਾਏ ਦੀ, ਜੇਕਰ ਕੋਈ ਹੋਵੇ, ਸਮੇਤ ਬਣਦੀ ਕੀਮਤ ਦੇ, ਅਦਾਇਗੀ ਕਰਨ ਲਈ ਭਾਗੀ ਹੋਵੇਗਾ।

ਭਵਿੱਖ ਵਿੱਚ ਨਗਰਪਾਲਕ ਸੰਪੱਤੀ ਨੂੰ ਅੱਗੇ ਕਿਰਾਏ ਤੇ ਦੇਣਾ।

6. (1) ਕੋਈ ਵੀ ਵਿਅਕਤੀ, ਜਿਸ ਨੂੰ ਨਗਰਪਾਲਕਾ ਦੁਆਰਾ ਲਿਖਤੀ ਰੂਪ ਵਿੱਚ ਕੀਤੇ ਸਮਝੌਤੇ ਰਾਹੀਂ ਕਿਰਾਏ ਤੇ ਨਗਰਪਾਲਕ ਸੰਪੱਤੀ ਦਾ ਤਬਾਦਲਾ ਕੀਤਾ ਗਿਆ ਹੈ, ਉਸ ਨੂੰ ਅੱਗੇ ਕਿਸੇ ਹੋਰ ਵਿਅਕਤੀ ਨੂੰ ਕਿਰਾਏ ਤੇ ਨਹੀਂ ਦੇਵੇਗਾ।

(2) ਕਿਰਾਏਦਾਰ ਦੁਆਰਾ ਨਗਰਪਾਲਕ ਸੰਪੱਤੀ ਨੂੰ ਅੱਗੇ ਕਿਰਾਏ ਤੇ ਦੇਣ ਦੀ ਸੂਰਤ ਵਿੱਚ, ਨਗਰਪਾਲਕਾ ਅਜਿਹੀ ਕਿਰਾਏਦਾਰੀ ਜਾਂ ਪਟੇ ਨੂੰ ਤੁਰੰਤ ਮਨਸੂਖ ਕਰ ਦੇਵੇਗੀ ਅਤੇ ਅਜਿਹੀ ਸੰਪੱਤੀ ਕਿਰਾਏਦਾਰ ਜਾਂ ਕਬਜ਼ੇਦਾਰ ਨੂੰ ਬਿਨਾਂ ਕਿਸੇ ਨੋਟਿਸ ਦੇ ਨਗਰਪਾਲਕਾ ਵਿੱਚ ਨਿਹਿਤ ਹੋ ਜਾਵੇਗੀ।

(3) ਕਿਸੇ ਕਿਰਾਏਦਾਰ ਦੀ ਮੌਤ ਹੋਣ ਦੀ ਸੂਰਤ ਵਿੱਚ, ਅਜਿਹੀ ਨਗਰਪਾਲਕ ਸੰਪੱਤੀ ਦੇ ਕਿਰਾਏਦਾਰੀ ਜਾਂ ਪਟੇਦਾਰੀ ਦੇ ਅਧਿਕਾਰ ਮ੍ਰਿਤਕ ਕਿਰਾਏਦਾਰ ਦੇ ਕਾਨੂੰਨੀ ਵਾਰਸਾਂ ਵਿੱਚ ਨਿਹਿਤ ਹੋ ਸਕਣਗੇ:

ਪ੍ਰੰਤੂ ਅਜਿਹਾ ਕਾਨੂੰਨੀ ਵਾਰਸ ਕਿਰਾਏਦਾਰੀ ਜਾਂ ਪਟੇਦਾਰੀ ਸਮਝੌਤੇ ਦੇ ਨਿਬੰਧਨ ਅਤੇ ਸ਼ਰਤਾਂ ਨਾਲ ਸਹਿਮਤ ਹੋਣ ਲਈ ਲਿਖਤੀ ਰੂਪ ਵਿੱਚ ਵਚਨਬੱਧ ਹੋਵੇ।

ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ।

7. (1) ਇੱਕ ਨਗਰਪਾਲਕ ਸੰਪੱਤੀ, ਜਿਸ ਨੂੰ ਨਗਰਪਾਲਕਾ ਇਸ ਐਕਟ ਦੇ ਉਪਬੰਧਾਂ ਅਧੀਨ ਤਬਾਦਲਾ ਕਰਨ ਦਾ ਇਰਾਦਾ ਰੱਖਦੀ ਹੈ, ਦੀ ਰਾਖਵੀਂ ਕੀਮਤ ਜਾਂ ਕਿਰਾਇਆ ਨਿਰਧਾਰਣ ਕਰਨ ਲਈ ਸਰਕਾਰ ਪੰਜਾਬ ਰਾਜ ਦੇ ਹਰੇਕ ਜ਼ਿਲ੍ਹੇ ਵਿੱਚ ਇੱਕ ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ ਦਾ ਗਠਨ ਕਰੇਗੀ।

(2) ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ ਦੀ ਅਗਵਾਈ ਕੁਲੈਕਟਰ ਕਰੇਗਾ ਅਤੇ ਇਸ ਵਿੱਚ ਹੇਠ-ਲਿਖੇ ਮੈਂਬਰ ਸ਼ਾਮਲ ਹੋਣਗੇ, ਅਰਥਾਤ:-

(ੳ) ਸੰਸਦ ਮੈਂਬਰ, ਅਤੇ ਪੰਜਾਬ ਵਿਧਾਨ ਸਭਾ ਦੇ ਸਾਰੇ ਮੈਂਬਰ ਜਾਂ ਉਹਨਾਂ ਦੇ ਨਾਮਜ਼ਦ ਵਿਅਕਤੀ ਜਿਨ੍ਹਾਂ ਦੇ ਚੋਣ ਖੇਤਰ ਵਿੱਚ ਨਗਰਪਾਲਕਾ ਦਾ ਕੁੱਝ ਹਿੱਸਾ ਜਾਂ ਪੂਰਾ ਖੇਤਰ ਸ਼ਾਮਲ ਹੈ;

(ਅ) ਨਗਰਪਾਲਕਾ ਦਾ ਮੇਅਰ ਜਾਂ ਪ੍ਰਧਾਨ; ਅਤੇ

(ੲ) ਵਾਜਬ ਤੌਰ ਤੇ ਸਰਕਾਰ ਦੁਆਰਾ ਪ੍ਰਤਿਨਿਯੁਕਤ ਕੀਤਾ ਨਗਰਪਾਲਕਾ ਦਾ ਅਧਿਕਾਰੀ।

(3) ਨਗਰਪਾਲਕ ਸੰਪੱਤੀ ਦੀ ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ ਦੁਆਰਾ ਨਿਰਧਾਰਤ ਕੀਤੀ ਅਤੇ ਸਰਕਾਰ ਦੁਆਰਾ ਵਾਜਬ ਤੌਰ ਤੇ ਪ੍ਰਵਾਨਤ ਕੀਮਤ ਪ੍ਰਚੱਲਤ ਕੁਲੈਕਟਰ ਦਰ ਦੇ ਬਰਾਬਰ ਹੋਵੇਗੀ।

(4) ਨਗਰਪਾਲਕ ਸੰਪੱਤੀ ਦਾ ਪਟੇਦਾਰੀ ਧਨ ਜਾਂ ਕਿਰਾਇਆ ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ ਵੱਲੋਂ ਨਿਰਧਾਰਤ ਕੀਤੀ ਦਰ ਜਿਵੇਂ ਸਰਕਾਰ ਦੁਆਰਾ ਵਾਜਬੀ ਤੌਰ ਤੇ ਪ੍ਰਵਾਨਤ ਹੋਵੇ ਜਾਂ ਨਗਰਪਾਲਕਾ ਦੁਆਰਾ ਇੱਕ ਖੁੱਲ੍ਹੀ ਈ-ਨਿਲਾਮੀ ਰਾਹੀਂ ਖੋਜੀ ਗਈ ਕੀਮਤ, ਜੋ ਵੀ ਵੱਧ ਹੋਵੇ, ਹੋਵੇਗੀ।

(5) ਉਪ-ਧਾਰਾ (3) ਵਿੱਚ ਨਿਰਧਾਰਤ ਨਗਰਪਾਲਕ ਸੰਪੱਤੀ ਦਾ ਪਟੇਦਾਰੀ ਧਨ ਜਾਂ ਕਿਰਾਇਆ ਹਰ ਸਾਲ ਘੱਟੋ-ਘੱਟ ਪੰਜ ਪ੍ਰਤੀਸ਼ਤ ਵਧਾਇਆ ਜਾਵੇਗਾ।

(6) ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ ਦੁਆਰਾ ਵਪਾਰਕ ਨਗਰਪਾਲਕ ਸੰਪੱਤੀ ਦੀ ਨਿਰਧਾਰਤ ਕੀਤੀ ਕੀਮਤ ਜਿਵੇਂ ਸਰਕਾਰ ਦੁਆਰਾ ਵਾਜਬ ਤੌਰ ਤੇ ਪ੍ਰਵਾਨਤ ਹੋਵੇ ਅਜਿਹੀ ਸੰਪੱਤੀ ਦੀ ਨਿਲਾਮੀ ਲਈ ਰਾਖਵੀਂ ਕੀਮਤ ਹੋਵੇਗੀ।

(7) ਕੀਮਤ ਅਤੇ ਕਿਰਾਇਆ ਨਿਰਧਾਰਣ ਕਮੇਟੀ ਦੁਆਰਾ ਰਿਹਾਇਸ਼ੀ ਨਗਰਪਾਲਕ ਸੰਪੱਤੀ ਲਈ ਨਿਰਧਾਰਤ ਕੀਤਾ ਕਿਰਾਇਆ ਜਿਵੇਂ ਵਾਜਬ ਤੌਰ ਤੇ ਸਰਕਾਰ ਵੱਲੋਂ ਪ੍ਰਵਾਨਤ ਹੋਵੇ ਅਜਿਹੀ ਨਗਰਪਾਲਕ ਸੰਪੱਤੀ ਲਈ ਪਟੇਦਾਰੀ ਧਨ ਜਾਂ ਕਿਰਾਇਆ ਹੋਵੇਗਾ।

(8) ਜਿੱਥੇ ਵੀ ਕੋਈ ਨਗਰਪਾਲਕ ਸੰਪੱਤੀ ਬਾਰ੍ਹਾਂ ਸਾਲਾਂ ਜਾਂ ਇਸ ਤੋਂ ਵੱਧ ਮੁੱਦਤ ਲਈ ਲਗਾਤਾਰ ਪਟੇ ਜਾਂ ਕਬਜ਼ੇ ਅਧੀਨ ਹੈ, ਅਤੇ ਉਸਦਾ ਕਿਰਾਏਦਾਰ ਜਾਂ ਕਬਜ਼ੇਦਾਰ ਨੂੰ ਤਬਾਦਲਾ ਕੀਤਾ ਜਾਣਾ ਚਿਤਵਤ ਹੈ, ਉਸ ਦੀ ਹੇਠ-ਲਿਖੇ ਤਰੀਕੇ ਨਾਲ ਕੀਮਤ ਨਿਰਧਾਰਤ ਕੀਤੀ ਜਾਵੇਗੀ, ਅਰਥਾਤ:-

(i) ਆਰਥਿਕ ਤੌਰ ਤੇ ਕਮਜ਼ੋਰ ਵਰਗਾਂ (ਈ.ਡਬਲਿਊ.ਐਸ.) ਲਈ, ਜਿਨ੍ਹਾਂ ਦੀ ਸਲਾਨਾ ਆਮਦਨ ਤਿੰਨ ਲੱਖ ਰੁਪਏ ਤੋਂ ਵੱਧ ਨਹੀਂ ਹੈ, ਕੁਲੈਕਟਰ ਦਰ ਦੇ 12.5 ਪ੍ਰਤੀਸ਼ਤ ਦੀ ਦਰ ਨਾਲ;

(ii) ਘੱਟ ਆਮਦਨ ਵਾਲੇ ਸਮੂਹਾਂ (ਐਲ.ਆਈ.ਜੀ.) ਲਈ, ਜਿਨ੍ਹਾਂ ਦੀ ਸਲਾਨਾ ਆਮਦਨ ਤਿੰਨ ਲੱਖ ਰੁਪਏ ਤੋਂ ਵੱਧ ਹੈ ਪਰ ਅੱਠ ਲੱਖ ਰੁਪਏ ਤੋਂ ਵੱਧ ਨਹੀਂ ਹੈ, ਕੁਲੈਕਟਰ ਦਰ ਦੇ 25 ਪ੍ਰਤੀਸ਼ਤ ਦਰ ਨਾਲ;

(iii) ਦਰਮਿਆਨੀ ਆਮਦਨ ਵਾਲੇ ਸਮੂਹਾਂ (ਐੱਮ.ਆਈ.ਜੀ.) ਲਈ, ਜਿਨ੍ਹਾਂ ਦੀ ਸਲਾਨਾ ਆਮਦਨ ਅੱਠ ਲੱਖ ਰੁਪਏ ਤੋਂ ਵੱਧ ਹੈ ਪਰ ਪੰਦਰਾਂ ਲੱਖ ਰੁਪਏ ਤੋਂ ਵੱਧ ਨਹੀਂ ਹੈ, ਕੁਲੈਕਟਰ ਦਰ ਦੇ 50 ਪ੍ਰਤੀਸ਼ਤ ਦਰ ਨਾਲ;

(iv) ਉੱਚ ਆਮਦਨ ਵਾਲੇ ਸਮੂਹਾਂ (ਐੱਚ.ਆਈ.ਜੀ.) ਲਈ, ਜਿਨ੍ਹਾਂ ਦੀ ਸਲਾਨਾ ਆਮਦਨ ਪੰਦਰਾਂ ਲੱਖ ਰੁਪਏ ਤੋਂ ਵੱਧ ਹੈ, ਕੁਲੈਕਟਰ ਦਰ ਤੇ;

(v) ਉਪਰੋਕਤ ਪ੍ਰਯੋਜਨ ਲਈ, ਆਮਦਨ ਦਾ ਸਬੂਤ ਇੱਕ ਕਿਰਾਏਦਾਰ ਜਾਂ ਕਬਜ਼ੇਦਾਰ ਦੁਆਰਾ ਉਸ ਸਾਲ ਤੋਂ ਪਿਛਲੇ ਸਾਲ ਦਾ ਭਰਿਆ ਆਮਦਨ ਕਰ ਵਿਵਰਣ ਹੋਵੇਗਾ ਜਿਸ ਵਿੱਚ ਤਬਾਦਲਾ ਕੀਤਾ ਜਾਣਾ ਹੈ। ਜੇਕਰ ਇੱਕ ਕਿਰਾਏਦਾਰ ਜਾਂ ਕਬਜ਼ੇਦਾਰ ਨੂੰ ਆਮਦਨ ਕਰ ਵਿਵਰਣ ਫਾਈਲ ਕਰਨ ਦੀ ਲੋੜ ਨਹੀਂ ਹੈ ਤਾਂ ਉਸ ਸੂਰਤ ਵਿੱਚ ਉਹ ਸਬੰਧਤ ਖੇਤਰ ਦੇ ਉਪ-ਮੰਡਲ ਮੈਜਿਸਟਰੇਟ ਦੁਆਰਾ ਆਮਦਨ ਸਰਟੀਫਿਕੇਟ ਜਾਰੀ ਕਰਵਾਏਗਾ; ਅਤੇ

(vi) ਮੱਦਾਂ (i), (ii) ਅਤੇ (iii) ਵਜੋਂ ਹਵਾਲਾ ਦਿੱਤੀਆਂ ਗਈਆਂ ਸ਼੍ਰੇਣੀਆਂ ਲਈ, ਸਿਰਫ਼ ਪੰਜਾਹ ਵਰਗ ਮੀਟਰ ਤੱਕ ਦੀ ਨਗਰਪਾਲਕ ਸੰਪੱਤੀ ਦਾ ਉਸ ਵਿੱਚ ਉਲਿਖਤ ਕੀਤੀ ਗਈ ਦਰ ਤੇ ਤਬਾਦਲਾ ਕੀਤਾ ਜਾਵੇਗਾ। ਹਾਲਾਂਕਿ, ਜੇਕਰ ਨਗਰਪਾਲਕ ਸੰਪੱਤੀ ਪੰਜਾਹ ਵਰਗ ਮੀਟਰ ਤੋਂ ਵੱਧ ਹੈ ਤਾਂ ਪੰਜਾਹ ਵਰਗ ਮੀਟਰ ਤੋਂ ਵੱਧ ਦੀ ਨਗਰਪਾਲਕ ਸੰਪੱਤੀ ਦੇ ਖੇਤਰ ਤੇ, ਕੁਲੈਕਟਰ ਦਰ ਅਦਾਇਗੀਯੋਗ ਹੋਵੇਗੀ।

8. (1) ਇਸ ਐਕਟ ਅਧੀਨ ਨਗਰਪਾਲਕ ਸੰਪੱਤੀ ਦੀ ਹਰੇਕ ਨਿਲਾਮੀ ਈ-ਨਿਲਾਮੀ ਰਾਹੀਂ ਕੀਤੀ ਜਾਵੇਗੀ ਅਤੇ ਇਸ ਐਕਟ ਦੀ ਧਾਰਾ 7 ਅਧੀਨ ਨਿਰਧਾਰਤ ਕੀਤੀ ਰਾਖਵੀਂ ਕੀਮਤ ਦੇ ਤਾਬੇ ਹੋਵੇਗੀ। ਨਿਲਾਮੀ ਦਾ ਜ਼ਾਬਤਾ

(2) ਨਗਰਪਾਲਕਾ ਦਾ ਅਧਿਕਾਰੀ ਇੱਕ ਨਗਰਪਾਲਕ ਸੰਪੱਤੀ ਦੀ ਨਿਲਾਮੀ ਕਰਨ ਸਬੰਧੀ ਨਗਰਪਾਲਕਾ ਦੇ ਇਰਾਦੇ ਦਾ ਇੱਕ ਜਨਤਕ ਨੋਟਿਸ ਪ੍ਰਕਾਸ਼ਿਤ ਕਰਵਾਏਗਾ:

ਪ੍ਰੰਤੂ ਅਜਿਹੇ ਨੋਟਿਸ ਦੇ ਪ੍ਰਕਾਸ਼ਨ ਤੋਂ ਘੱਟੋ-ਘੱਟ ਤੀਹ ਦਿਨ ਗੁਜ਼ਰਨ ਤੱਕ ਕੋਈ ਵੀ ਨਿਲਾਮੀ ਨਹੀਂ ਕੀਤੀ ਜਾਵੇਗੀ।

(3) ਉਪ-ਧਾਰਾ (2) ਅਧੀਨ ਜਾਰੀ ਕੀਤਾ ਗਿਆ ਹਰੇਕ ਨੋਟਿਸ ਨਗਰਪਾਲਕ ਸੰਪੱਤੀ ਦੇ ਸਪੱਸ਼ਟ ਵੇਰਵੇ ਦੇਵੇਗਾ, ਇਸ ਵਿੱਚ ਨਿਲਾਮੀ ਦੇ ਨਿਬੰਧਨ ਅਤੇ ਸ਼ਰਤਾਂ ਤੋਂ ਇਲਾਵਾ ਇਸ ਦੀ ਰਾਖਵੀਂ ਕੀਮਤ, ਸਥਾਨ ਅਤੇ ਆਕਾਰ ਸ਼ਾਮਲ ਹਨ:

ਪ੍ਰੰਤੂ ਸਰਕਾਰ ਨਿਲਾਮੀ ਦੇ ਕਿਸੇ ਵੀ ਜਾਂ ਸਾਰੇ ਨਿਬੰਧਨਾਂ ਅਤੇ ਸ਼ਰਤਾਂ ਨੂੰ ਮੁਕੱਰਰ ਕਰ ਸਕਦੀ ਹੈ, ਅਤੇ ਅਜਿਹੇ ਨਿਬੰਧਨ ਅਤੇ ਸ਼ਰਤਾਂ ਦਾ ਨੋਟਿਸ ਵਿੱਚ ਸਪੱਸ਼ਟ ਤੌਰ ਤੇ ਜ਼ਿਕਰ ਕੀਤਾ ਜਾਵੇਗਾ।

(4) ਇਸ ਧਾਰਾ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇਹ ਵੇਖਿਆ ਜਾਂਦਾ ਹੈ ਕਿ ਸੰਭਾਵੀ ਬੋਲੀਕਾਰ ਬੋਲੀ ਦੀ ਕੀਮਤ ਨੂੰ ਘਟਾਉਣ ਲਈ ਇੱਕ ਗੁਪਤ ਸਮਝੌਤਾ ਕਰ ਚੁੱਕੇ ਹਨ, ਨਗਰਪਾਲਕਾ ਕਲਮਬੰਦ ਕਾਰਨ ਦਰਜ ਕਰਨ ਤੋਂ ਬਾਅਦ ਅਤੇ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਈ-ਨਿਲਾਮੀ ਦੀ ਥਾਂ ਮੁਹਰਬੰਦ ਬੋਲੀਆਂ ਮੰਗ ਸਕਦੀ ਹੈ।

9. (1) ਇੱਕ ਨਗਰਪਾਲਕਾ ਇੱਕ ਰਿਹਾਇਸ਼ੀ ਨਗਰਪਾਲਕ ਸੰਪੱਤੀ ਦਾ ਕਿਰਾਏ ਤੇ ਤਬਾਦਲਾ ਕਰ ਸਕਦੀ ਹੈ ਜਾਂ ਇਸ ਨੂੰ ਲਾਟਰੀ ਰਾਹੀਂ ਅਲਾਟ ਕਰ ਸਕਦੀ ਹੈ। ਲਾਟਰੀ।

(2) ਨਗਰਪਾਲਕਾ ਦਾ ਅਧਿਕਾਰੀ ਇੱਕ ਨਗਰਪਾਲਕ ਸੰਪੱਤੀ ਦਾ ਤਬਾਦਲਾ ਲਾਟਰੀ ਰਾਹੀਂ ਤਬਦੀਲ ਕਰਨ ਦੇ ਨਗਰਪਾਲਕਾ ਦੇ ਇਰਾਦੇ ਦਾ ਇੱਕ ਜਨਤਕ ਨੋਟਿਸ ਪ੍ਰਕਾਸ਼ਿਤ ਕਰਵਾਏਗਾ:

ਪਰੰਤੂ ਅਜਿਹੇ ਨੋਟਿਸ ਦੇ ਪ੍ਰਕਾਸ਼ਨ ਤੋਂ ਘੱਟੋ ਘੱਟ ਤੀਹ ਦਿਨ ਗੁਜ਼ਰਨ ਤੱਕ ਲਾਟਰੀ ਰਾਹੀਂ ਅਜਿਹਾ ਕੋਈ ਵੀ ਤਬਾਦਲਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

(3) ਉਪ-ਧਾਰਾ (2) ਅਧੀਨ ਜਾਰੀ ਕੀਤਾ ਹਰੇਕ ਨੋਟਿਸ ਨਗਰਪਾਲਕ ਸੰਪੱਤੀ ਦੇ ਸਪੱਸ਼ਟ ਵੇਰਵੇ ਦੇਵੇਗਾ, ਇਸ ਵਿੱਚ ਲਾਟਰੀ ਦੇ ਨਿਬੰਧਨ ਅਤੇ ਸ਼ਰਤਾਂ ਤੋਂ ਇਲਾਵਾ ਇਸ ਦੀ ਕੀਮਤ, ਸਥਾਨ ਅਤੇ ਆਕਾਰ ਸ਼ਾਮਲ ਹਨ:

ਪਰੰਤੂ ਸਰਕਾਰ ਲਾਟਰੀ ਦੇ ਕਿਸੇ ਵੀ ਜਾਂ ਸਾਰੇ ਨਿਬੰਧਨ ਅਤੇ ਸ਼ਰਤਾਂ ਨੂੰ ਮੁਕੱਰਰ ਕਰ ਸਕਦੀ ਹੈ ਅਤੇ ਅਜਿਹੇ ਨਿਬੰਧਨ ਅਤੇ ਸ਼ਰਤਾਂ ਦਾ ਨੋਟਿਸ ਵਿੱਚ ਸਪੱਸ਼ਟ ਤੌਰ ਤੇ ਜ਼ਿਕਰ ਕੀਤਾ ਜਾਵੇਗਾ।

ਨਗਰਪਾਲਕ ਸੰਪੱਤੀ ਦੇ ਤਬਾਦਲੇ ਲਈ ਇਕਰਾਰ।

10. (1) ਜਿੱਥੇ ਇੱਕ ਨਗਰਪਾਲਕਾ ਨੇ ਨਗਰਪਾਲਕ ਸੰਪੱਤੀ ਦਾ ਤਬਾਦਲਾ ਕਰਨ ਦਾ ਫ਼ੈਸਲਾ ਕੀਤਾ ਹੈ, ਤਾਂ ਤਬਾਦਲੇ ਦੇ ਨਿਬੰਧਨ ਅਤੇ ਸ਼ਰਤਾਂ ਸਪੱਸ਼ਟ ਤੌਰ ਤੇ ਦੱਸਦੇ ਹੋਏ ਉਹ ਇੱਕ ਰਜਿਸਟਰਸ਼ੁਦਾ ਇਕਰਾਰ ਜਾਂ ਵਸੀਕਾ ਤਕਮੀਲ ਕਰੇਗੀ।

(2) ਇਸ ਐਕਟ ਅਧੀਨ ਸੰਪੱਤੀ ਦੇ ਤਬਾਦਲੇ ਲਈ ਨਗਰਪਾਲਕਾ ਦੁਆਰਾ ਤਕਮੀਲ ਕੀਤੇ ਗਏ ਹਰੇਕ ਕਰਾਰ ਵਿੱਚ ਇਸ ਐਕਟ ਦੇ ਉਪਬੰਧਾਂ ਦੇ ਅਨੁਸਾਰ ਅਤੇ ਜਿਵੇਂ ਕਰਾਰ ਵਿੱਚ ਉਲਿਖਤ ਕੀਤਾ ਹੋਵੇ, ਮੁਨਾਸਬ ਦੰਡਕ ਖੰਡ ਹੋਣਗੇ।

(3) ਨਗਰਪਾਲਕਾ ਕੋਲ ਨਗਰਪਾਲਕ ਸੰਪੱਤੀ ਖ਼ਾਲੀ ਕਰਵਾਉਣ ਦਾ ਅਧਿਕਾਰ ਹੋਵੇਗਾ ਜੇਕਰ ਉਸ ਦੁਆਰਾ ਕੀਤੇ ਗਏ ਇਕਰਾਰ ਦੀ, ਕਿਸੇ ਵੀ ਤਰੀਕੇ ਨਾਲ, ਉਸ ਵਿਅਕਤੀ ਦੁਆਰਾ ਉਲੰਘਣਾ ਕੀਤੀ ਜਾਂਦੀ ਹੈ ਜਿਸ ਦੇ ਹੱਕ ਵਿੱਚ ਨਗਰਪਾਲਕ ਸੰਪੱਤੀ ਤਬਦੀਲ ਕੀਤੀ ਗਈ ਹੈ।

ਕਿਰਾਏ ਦੀ ਅਦਾਇਗੀ।

11. ਜੇਕਰ ਕਿਸੇ ਨਗਰਪਾਲਕਾ ਨੇ ਆਪਣੀ ਸੰਪੱਤੀ ਕਿਰਾਏਦਾਰ ਨੂੰ ਕਿਰਾਏ ਤੇ ਦੇਣ ਦਾ ਫ਼ੈਸਲਾ ਕੀਤਾ ਹੈ ਤਾਂ ਅਜਿਹਾ ਕਿਰਾਏਦਾਰ ਇਕਰਾਰ ਦੇ ਨਿਬੰਧਨ ਅਤੇ ਸ਼ਰਤਾਂ ਅਨੁਸਾਰ ਇਕਰਾਰ ਕੀਤੇ ਕਿਰਾਏ ਦੀ ਅਦਾਇਗੀ ਕਰਨ ਲਈ ਭਾਗੀ ਹੋਵੇਗਾ:

ਪਰੰਤੂ ਜਿੱਥੇ ਕਿਰਾਏਦਾਰ ਲਗਾਤਾਰ ਤਿੰਨ ਮਹੀਨਿਆਂ ਤੋਂ ਇਕਰਾਰ ਕੀਤੇ ਕਿਰਾਏ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਹ ਬਿਨਾਂ ਕਿਸੇ ਨੋਟਿਸ ਦੇ ਤੁਰੰਤ ਨਗਰਪਾਲਕ ਸੰਪੱਤੀ ਖਾਲੀ ਕਰਨ ਲਈ ਭਾਗੀ ਹੋਵੇਗਾ ਅਤੇ

ਅਜਿਹੀ ਨਗਰਪਾਲਕ ਸੰਪੱਤੀ ਦਾ ਕਬਜ਼ਾ ਨਗਰਪਾਲਕਾ ਵਿੱਚ ਮੁੜ ਨਿਹਿਤ ਹੋਣਾ ਸਮਝਿਆ ਜਾਵੇਗਾ।

12. (1) ਜੇਕਰ ਕੋਈ ਨਗਰਪਾਲਕਾ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨਗਰਪਾਲਕ ਸੰਪੱਤੀ ਦਾ ਤਬਾਦਲਾ ਕਰਨ ਦਾ ਫ਼ੈਸਲਾ ਕਰਦੀ ਹੈ, ਉਹ ਅਜਿਹੀਆਂ ਸੰਪੱਤੀਆਂ ਦੀ ਪਛਾਣ ਕਰੇਗੀ ਅਤੇ ਇੱਕ ਸੂਚੀ ਤਿਆਰ ਕਰੇਗੀ, ਜਿਸ ਵਿੱਚ ਉਨਾਂ ਦੇ ਮਾਪਾਂ, ਸਥਾਨਾਂ, ਕਬਜ਼ੇਦਾਰਾਂ ਜਾਂ ਕਿਰਾਏਦਾਰਾਂ ਦੇ ਵੇਰਵੇ ਸਪੱਸ਼ਟ ਤੌਰ ਤੇ ਦਿੱਤੇ ਜਾਣਗੇ। ਤਬਾਦਲਾ ਕੀਤੀ ਜਾਣ ਵਾਲੀ ਨਗਰਪਾਲਕ ਸੰਪੱਤੀ ਦੀ ਪਛਾਣ ਅਤੇ ਅਧਿਸੂਚਨਾ।

(2) ਉਪ-ਧਾਰਾ (1) ਅਧੀਨ ਤਿਆਰ ਕੀਤੀ ਗਈ ਨਗਰਪਾਲਕ ਸੰਪੱਤੀ ਦੀ ਹਰੇਕ ਸੂਚੀ, ਇਸ ਐਕਟ ਦੇ ਉਪਬੰਧਾਂ ਦੇ ਅਨੁਸਾਰ ਤਬਾਦਲਾ ਕੀਤੇ ਜਾਣ ਤੋਂ ਪਹਿਲਾਂ ਆਮ ਜਨਤਾ ਦੀ ਜਾਣਕਾਰੀ ਲਈ ਅਧਿਸੂਚਿਤ ਕੀਤੀ ਜਾਵੇਗੀ।

13. (1) ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਇੱਕ ਨਗਰਪਾਲਕ ਸੰਪੱਤੀ ਦਾ ਤਬਾਦਲਾ ਕਰਨ ਦੀ ਚਾਹਵਾਨ ਇੱਕ ਨਗਰਪਾਲਕਾ ਇਸ ਸਬੰਧੀ ਇੱਕ ਮਤਾ ਪਾਸ ਕਰੇਗੀ: ਨਗਰਪਾਲਕਾ ਦਾ ਮਤਾ

ਪਰੰਤੂ ਨਗਰਪਾਲਕਾ ਦਾ ਅਜਿਹਾ ਕੋਈ ਵੀ ਮਤਾ ਜਾਇਜ਼ ਨਹੀਂ ਹੋਵੇਗਾ ਜਦੋਂ ਤੱਕ ਇਹ ਨਗਰਪਾਲਕਾ ਦੇ ਚੁਣੇ ਹੋਏ ਘੱਟੋ ਘੱਟ ਦੋ ਤਿਹਾਈ ਮੈਂਬਰਾਂ ਵੱਲੋਂ ਪ੍ਰਵਾਨ ਨਾ ਕੀਤਾ ਗਿਆ ਹੋਵੇ।

(2) ਉਪ-ਧਾਰਾ (1) ਅਧੀਨ ਪਾਸ ਕੀਤਾ ਗਿਆ ਨਗਰਪਾਲਕਾ ਦਾ ਹਰੇਕ ਮਤਾ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਜਾਵੇਗਾ।

(3) ਸਰਕਾਰ, ਉਪ-ਧਾਰਾ (2) ਅਧੀਨ ਪ੍ਰਾਪਤ ਕੀਤੇ ਨਗਰਪਾਲਕਾ ਦੇ ਮਤੇ ਤੇ ਕਲਮਬੰਦ ਕਾਰਨ ਦਰਜ ਕਰਦੇ ਹੋਏ ਆਪਣੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਦੇ ਸਕਦੀ ਹੈ:

ਪਰੰਤੂ ਸਰਕਾਰ ਨਗਰਪਾਲਕਾ ਤੋਂ ਅਜਿਹੇ ਮਤੇ ਦੀ ਪ੍ਰਾਪਤੀ ਤੋਂ ਸੱਠ ਦਿਨਾਂ ਦੇ ਅੰਦਰ ਆਪਣੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਪ੍ਰਗਟ ਕਰੇਗੀ ਜਿਸ ਦੇ ਅਸਫ਼ਲ ਰਹਿਣ ਤੇ ਮਤਾ ਪ੍ਰਵਾਨ ਸਮਝਿਆ ਜਾਵੇਗਾ।

14. (1) ਇੱਕ ਨਗਰਪਾਲਕਾ ਦੁਆਰਾ ਨਗਰਪਾਲਕ ਸੰਪੱਤੀ ਦਾ ਨਿਲਾਮੀ ਜਾਂ ਲਾਟਰੀ ਰਾਹੀਂ ਤਬਾਦਲਾ ਕਰਨ ਦੇ ਮਾਮਲੇ ਵਿੱਚ, ਇੰਤਕਾਲ ਪਾਤਰ ਅਜਿਹੇ ਤਬਾਦਲੇ ਕੀਮਤ ਦੀ ਅਦਾਇਗੀ।

ਦੇ ਨਿਬੰਧਨ ਅਤੇ ਸ਼ਰਤਾਂ ਦੇ ਮੁਤਾਬਿਕ ਕੀਮਤ ਦੀ ਅਦਾਇਗੀ ਕਰਨਾ ਲੋੜਿਆ ਜਾਵੇਗਾ।

(2) ਇੱਕ ਸੰਪੱਤੀ ਦਾ ਇੱਕ ਕਿਰਾਏਦਾਰ ਜਾਂ ਕਬਜ਼ੇਦਾਰ ਨੂੰ ਤਬਾਦਲਾ ਕਰਨ ਦੇ ਮਾਮਲੇ ਵਿੱਚ, ਨਗਰਪਾਲਕਾ ਸਰਕਾਰ ਦੁਆਰਾ ਇਸ ਸਬੰਧੀ ਨਗਰਪਾਲਕਾ ਦੇ ਮਤੇ ਦੀ ਪ੍ਰਵਾਨਗੀ ਤੋਂ ਪੰਦਰਾਂ ਦਿਨਾਂ ਦੇ ਅੰਦਰ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਉਸ ਨੂੰ ਸੰਪੱਤੀ ਦਾ ਤਬਾਦਲਾ ਕਰਨ ਦੇ ਫ਼ੈਸਲਾ ਬਾਰੇ ਸੰਸੂਚਿਤ ਕਰੇਗੀ।

(3) ਜੇ ਇੱਕ ਨਗਰਪਾਲਕਾ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਕੀਮਤ ਅਤੇ ਕਿਰਾਇਆ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਤ ਕੀਮਤ ਤੇ ਇੱਕ ਨਗਰਪਾਲਕ ਸੰਪੱਤੀ ਦੀ ਮਾਲਕੀ ਆਪਣੇ ਕਿਰਾਏਦਾਰ ਜਾਂ ਕਬਜ਼ੇਦਾਰ ਨੂੰ ਤਬਾਦਲਾ ਕਰਨ ਦਾ ਫ਼ੈਸਲਾ ਕਰਦੀ ਹੈ ਤਾਂ ਇੰਤਕਾਲ ਪਾਤਰ ਨਗਰਪਾਲਕਾ ਦੇ ਅਜਿਹੇ ਫ਼ੈਸਲੇ ਦੀ ਸੰਸੂਚਨਾ ਪ੍ਰਾਪਤ ਹੋਣ ਦੇ ਪੰਦਰਾਂ ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਉਸ ਲਈ ਆਪਣੀ ਸਹਿਮਤੀ ਦੇਵੇਗਾ।

(4) ਕੋਈ ਵੀ ਕਿਰਾਏਦਾਰ ਜਾਂ ਕਬਜ਼ੇਦਾਰ, ਜਿਸ ਨੇ ਉਪ-ਧਾਰਾ (3) ਅਧੀਨ ਆਪਣੀ ਸਹਿਮਤੀ ਦਿੱਤੀ ਹੈ, ਹੇਠ-ਲਿਖੇ ਤਰੀਕੇ ਨਾਲ ਬਣਦੀ ਕੀਮਤ ਦੀ ਅਦਾਇਗੀ ਕਰਨ ਲਈ ਲੋੜਿਆ ਜਾਵੇਗਾ, ਅਰਥਾਤ:-

(ੳ) ਨਗਰਪਾਲਕਾ ਦੁਆਰਾ ਤਬਾਦਲੇ ਦੇ ਫ਼ੈਸਲੇ ਦਾ ਪੱਤਰ ਜਾਰੀ ਕਰਨ ਦੀ ਤਰੀਕ ਤੋਂ ਇੱਕ ਹਫ਼ਤੇ ਦੇ ਅੰਦਰ ਰਕਮ ਦਾ ਪੰਜਾਹ ਪ੍ਰਤੀਸ਼ਤ;

(ਅ) ਬਕਾਇਆ ਰਕਮ ਤਬਾਦਲੇ ਦੇ ਫ਼ੈਸਲੇ ਦਾ ਪੱਤਰ ਜਾਰੀ ਕਰਨ ਦੀ ਤਰੀਕ ਤੋਂ ਦੋ ਮਹੀਨਿਆਂ ਦੇ ਅੰਦਰ;

(ੲ) ਜੇਕਰ ਕਬਜ਼ੇਦਾਰ ਤਬਾਦਲੇ ਦੇ ਫ਼ੈਸਲੇ ਦਾ ਪੱਤਰ ਜਾਰੀ ਕਰਨ ਦੀ ਤਰੀਕ ਤੋਂ ਲੱਗਭਗ ਇੱਕ ਹਫ਼ਤੇ ਦੇ ਅੰਦਰ ਇਕਮੁਸ਼ਤ ਰਕਮ ਦੀ ਅਦਾਇਗੀ ਕਰਨਾ ਚੁਣਦਾ ਹੈ, ਤਾਂ ਉਹ ਪੂਰੀ ਰਕਮ ਤੇ ਪੰਜ ਪ੍ਰਤੀਸ਼ਤ ਦੀ ਰਿਬੇਟ ਦਾ ਹੱਕਦਾਰ ਹੋਵੇਗਾ;

(ਸ) ਜੇਕਰ ਸੰਪੱਤੀ ਔਰਤਾਂ ਜਾਂ ਪੈਂਹਠ ਸਾਲ ਤੋਂ ਵੱਧ ਉਮਰ ਦੇ ਵਿਅਕਤੀ ਦੇ ਨਾਮ ਤੇ ਹੈ ਤਾਂ ਇਕਮੁਸ਼ਤ ਅਦਾਇਗੀ ਤੇ ਦਸ ਪ੍ਰਤੀਸ਼ਤ ਦੀ ਰਿਬੇਟ ਦਿੱਤੀ ਜਾਵੇਗੀ; ਅਤੇ

(ਹ) ਜੇ ਅਦਾਇਗੀਯੋਗ ਕੀਮਤ ਦੀ ਨਿਯਤ ਤਰੀਕਾਂ ਤੱਕ ਅਦਾਇਗੀ ਨਹੀਂ ਕੀਤੀ ਜਾਂਦੀ, ਤਾਂ ਦੇਰੀ ਦੀ ਮੁੱਦਤ ਲਈ, ਨੱਬੇ ਦਿਨਾਂ ਤੋਂ ਵੱਧ ਨਾ ਹੋਣ ਲਈ, ਅਦਾਇਗੀ ਕੀਮਤ ਤੇ ਬਾਰਾਂ ਪ੍ਰਤੀਸ਼ਤ ਸਲਾਨਾ ਦੀ ਦਰ ਨਾਲ ਵਿਆਜ਼ ਚਾਰਜ ਕੀਤਾ ਜਾਵੇਗਾ। ਇਸ ਤੋਂ ਬਾਅਦ ਸਬੰਧਤ ਨਗਰਪਾਲਕ ਸੰਪੱਤੀ ਦੀ ਬੇਦਖਲੀ ਲਈ ਅੱਗੇ ਕਾਰਵਾਈ ਕਰੇਗੀ। ਹਾਲਾਂਕਿ ਵਿਆਜ਼ ਉਸ ਤਰੀਕ ਤੱਕ ਲਗਾਇਆ ਜਾਂਦਾ ਰਹੇਗਾ ਜਦੋਂ ਤੱਕ ਨਗਰਪਾਲਕਾ ਦੁਆਰਾ ਅਸਲ ਕਬਜ਼ਾ ਨਹੀਂ ਲਿਆ ਜਾਂਦਾ।

ਨਗਰਪਾਲਕ ਸੰਪੱਤੀ ਦਾ ਖ਼ਾਲੀ ਕਰਨਾ।

15. (1) ਜਿੱਥੇ ਇੱਕ ਨਗਰਪਾਲਕ ਸੰਪੱਤੀ ਦਾ ਕਿਰਾਏਦਾਰ ਜਾਂ ਕਬਜ਼ੇਦਾਰ ਜਿਸ ਨੂੰ ਨਗਰਪਾਲਕਾ ਨੇ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਤਬਾਦਲਾ ਕਰਨ ਦਾ ਫ਼ੈਸਲਾ ਕੀਤਾ ਹੈ, ਤਬਾਦਲੇ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਕੀਮਤ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਉਹ ਅਜਿਹੇ ਇਨਕਾਰ ਜਾਂ ਅਸਫ਼ਲਤਾ ਦੇ ਅਜਿਹੇ ਤਿੰਨ ਮਹੀਨਿਆਂ ਦੇ ਅੰਦਰ ਅਜਿਹੀ ਨਗਰਪਾਲਕ ਸੰਪੱਤੀ ਨੂੰ ਖਾਲੀ ਕਰਨ ਲਈ ਭਾਗੀ ਹੋਵੇਗਾ।

(2) ਜੇ ਇੱਕ ਕਿਰਾਏਦਾਰ ਜਾਂ ਕਬਜ਼ੇਦਾਰ ਉਪ-ਧਾਰਾ (1) ਦੇ ਉਪਬੰਧਾਂ ਦੇ ਅਨੁਸਰਣ ਵਿੱਚ ਸੰਪੱਤੀ ਖ਼ਾਲੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਨਗਰਪਾਲਕਾ ਇਸ ਐਕਟ ਦੇ ਅਧੀਨ ਗਠਤ ਕੀਤੇ ਟ੍ਰਿਬਿਊਨਲ ਨੂੰ ਹਵਾਲਾ ਦੇ ਕੇ ਸੰਪੱਤੀ ਖਾਲੀ ਕਰਵਾਉਣ ਲਈ ਅੱਗੇ ਕਾਰਵਾਈ ਕਰੇਗੀ।

ਨਗਰਪਾਲਕ ਸੰਪੱਤੀ ਦਾ ਰਜਿਸਟਰੀਕਰਣ।

16. (1) ਜਿੱਥੇ ਨਗਰਪਾਲਕਾ ਇਸ ਐਕਟ ਦੇ ਉਪਬੰਧਾਂ ਦੇ ਅਧੀਨ ਨਗਰਪਾਲਕ ਸੰਪੱਤੀ ਨੂੰ ਕਿਰਾਏਦਾਰ ਜਾਂ ਕਬਜ਼ੇਦਾਰ ਨੂੰ ਤਬਾਦਲਾ ਕਰਦੀ ਹੈ, ਤਾਂ ਨਗਰਪਾਲਕਾ ਦੁਆਰਾ ਸੰਪੱਤੀ ਦਾ ਤਬਾਦਲਾ ਕਰਨ ਲਈ ਇੱਕ ਇਰਾਦਾ ਪੱਤਰ ਜਾਰੀ ਕੀਤਾ ਜਾਵੇਗਾ।

(2) ਹਰੇਕ ਅਜਿਹਾ ਵਿਅਕਤੀ, ਜਿਸ ਨੂੰ ਨਗਰਪਾਲਕਾ ਦੁਆਰਾ ਸੰਪੱਤੀ ਦਾ ਤਬਾਦਲਾ ਕਰਨ ਲਈ ਇਰਾਦਾ ਪੱਤਰ ਜਾਰੀ ਕੀਤਾ ਗਿਆ ਹੈ, ਕੀਮਤ ਅਤੇ ਪਿਛਲੇ ਬਕਾਏ, ਜੇਕਰ ਕੋਈ ਹੋਵੇ, ਦੀ ਪੂਰੀ ਅਦਾਇਗੀ ਕਰਨ 'ਤੇ ਸੰਪੱਤੀ ਨੂੰ ਆਪਣੇ ਨਾਮ ਤੇ ਰਜਿਸਟਰਸ਼ੁਦਾ ਕਰਵਾਉਣ ਦਾ ਪਾਤਰ ਹੋਵੇਗਾ।

(3) ਜਿੱਥੇ ਨਗਰਪਾਲਕ ਸੰਪੱਤੀ ਦਾ ਕਿਰਾਏਦਾਰ ਜਾਂ ਕਬਜ਼ੇਦਾਰ, ਜਿਸ ਨੂੰ ਸੰਪੱਤੀ ਕਿਸੇ ਖਾਸ ਪ੍ਰਯੋਜਨ ਲਈ ਦਿੱਤੀ ਸੀ, ਉਸ ਨੂੰ ਉਸ ਪ੍ਰਯੋਜਨ ਤੋਂ ਇਲਾਵਾ ਕਿਸੇ ਹੋਰ ਪ੍ਰਯੋਜਨ ਲਈ ਵਰਤਦਾ ਹੈ ਜਿਸ ਲਈ ਇਹ ਦਿੱਤੀ ਗਈ ਸੀ, ਤਾਂ ਉਹ ਸੰਪੱਤੀ ਨੂੰ ਤੁਰੰਤ ਖ਼ਾਲੀ ਕਰਨ ਲਈ ਭਾਗੀ ਹੋਵੇਗਾ ਅਤੇ ਪੰਜਾਬ ਰਾਜ ਦੁਆਰਾ ਬਣਾਏ ਗਏ ਤੱਤਸਮੇਂ ਲਈ ਨਾਫ਼ਜ਼ ਕਿਸੇ ਕਾਨੂੰਨ ਦੇ ਹੁੰਦਿਆਂ ਹੋਇਆਂ, ਅਜਿਹੀ ਸੰਪੱਤੀ ਦਾ ਤਬਾਦਲਾ ਵਸੀਕਾ ਰੱਦ ਕੀਤਾ ਸਮਝਿਆ ਜਾਵੇਗਾ।

(4) ਜਿੱਥੇ ਇੱਕ ਨਗਰਪਾਲਕ ਸੰਪੱਤੀ ਕਿਰਾਏਦਾਰ ਜਾਂ ਕਬਜ਼ੇਦਾਰ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਜਾਂ ਵਿਅਕਤੀਆਂ ਦੁਆਰਾ ਮੱਲੀ ਹੋਈ ਹੈ, ਤਾਂ ਅਜਿਹੇ ਵਿਅਕਤੀ ਜਾਂ ਵਿਅਕਤੀ ਉਸ ਸੰਪੱਤੀ ਨੂੰ ਤੁਰੰਤ ਖ਼ਾਲੀ ਕਰਨ ਲਈ ਭਾਗੀ ਹੋਣਗੇ। ਨਗਰਪਾਲਕਾ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਵਿਰੁੱਧ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਅਧੀਨ ਕਾਨੂੰਨੀ ਕਾਰਵਾਈਆਂ ਸ਼ੁਰੂ ਕਰੇਗੀ ਅਤੇ ਇਸ ਐਕਟ ਅਧੀਨ ਗਠਤ ਟ੍ਰਿਬਿਊਨਲ ਨੂੰ ਹਵਾਲਾ ਦੇ ਕੇ ਅੱਗੇ ਹੋਰ ਬੇਦਖਲੀ ਕਾਰਵਾਈਆਂ ਸ਼ੁਰੂ ਕਰੇਗੀ।

ਟ੍ਰਿਬਿਊਨਲ ਦਾ ਗਠਨ।

17. (1) ਸਰਕਾਰ ਇਸ ਐਕਟ ਦੇ ਉਪਬੰਧਾਂ ਅਧੀਨ ਨਗਰਪਾਲਕਾਵਾਂ ਦੁਆਰਾ ਜਾਂ ਪੰਜਾਬ ਰਾਜ ਵਿੱਚ ਕਿਸੇ ਕਿਰਾਏਦਾਰ ਜਾਂ ਕਬਜ਼ੇਦਾਰ ਦੁਆਰਾ, ਜਿਹੀ ਕਿ ਸੂਰਤ ਹੋਵੇ, ਨਗਰਪਾਲਕਾ ਦੇ ਹੁਕਮ ਦੇ ਵਿਰੁੱਧ ਹਵਾਲੇ ਜਾਂ ਅਪੀਲ ਦਾ ਫ਼ੈਸਲਾ ਕਰਨ ਦੇ ਪ੍ਰਯੋਜਨ ਲਈ ਇੱਕ ਟ੍ਰਿਬਿਊਨਲ ਦਾ ਗਠਨ ਕਰੇਗੀ ਜਾਂ ਕਿਸੇ ਅਧਿਕਾਰੀ ਜਾਂ ਅਧਿਕਾਰੀਆਂ ਨੂੰ ਅਧਿਕਾਰਤ ਜਾਂ ਦੋਵੇਂ ਕਰੇਗੀ।

(2) ਟ੍ਰਿਬਿਊਨਲ ਇੱਕ ਪ੍ਰਧਾਨ ਅਤੇ ਸਰਕਾਰ ਦੁਆਰਾ ਨਾਮਜ਼ਦ ਕੀਤੇ ਦੋ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗਾ।

(3) ਟ੍ਰਿਬਿਊਨਲ ਦਾ ਪ੍ਰਧਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਸੇਵਾ ਮੁਕਤ ਜਾਂ ਸੇਵਾ ਕਰ ਰਿਹਾ ਜੱਜ ਜਾਂ ਸੇਵਾਮੁਕਤ ਜਾਂ ਸੇਵਾ ਕਰ ਰਿਹਾ ਅਫ਼ਸਰ

ਜੋ ਕਿ ਪੰਜਾਬ ਸਰਕਾਰ ਦੇ ਵਿੱਤੀ ਕਮਿਸ਼ਨਰ ਜਾਂ ਪ੍ਰਮੁੱਖ ਸਕੱਤਰ ਦੇ ਰੈਂਕ ਤੋਂ ਘੱਟ ਨਹੀਂ ਹੋਵੇਗਾ:

ਪ੍ਰੰਤੂ ਕੋਈ ਵੀ ਵਿਅਕਤੀ ਟ੍ਰਿਬਿਊਨਲ ਦੇ ਪ੍ਰਧਾਨ ਵਜੋਂ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ ਜੇ ਉਹ ਪੰਜਾਬ ਰਾਜ ਵਿੱਚ ਕਿਸੇ ਵੀ ਨਗਰਪਾਲਕਾ ਦੇ ਮੈਂਬਰ ਦੇ ਤੌਰ ਤੇ ਚੁਣਿਆ ਜਾਂ ਨਾਮਜ਼ਦ ਕੀਤਾ ਗਿਆ ਹੈ:

ਪ੍ਰੰਤੂ ਇਹ ਹੋਰ ਕਿ ਕੋਈ ਵੀ ਵਿਅਕਤੀ ਜਿਸ ਦੀ ਉਮਰ ਸੱਤਰ ਸਾਲ ਹੋ ਚੁੱਕੀ ਹੈ, ਟ੍ਰਿਬਿਊਨਲ ਦੇ ਪ੍ਰਧਾਨ ਵਜੋਂ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ।

(4) ਟ੍ਰਿਬਿਊਨਲ ਦਾ ਮੈਂਬਰ ਉਹ ਵਿਅਕਤੀ ਹੋਵੇਗਾ ਜਿਸ ਨੂੰ ਨਗਰਪਾਲਕਾਵਾਂ ਨੂੰ ਸ਼ਾਸਤ ਕਰਨ ਵਾਲੇ ਮਾਮਲਿਆਂ ਅਤੇ ਕਾਨੂੰਨਾਂ ਨਾਲ ਨਜਿੱਠਣ ਦਾ ਘੱਟੋ ਘੱਟ ਦਸ ਸਾਲਾਂ ਦਾ ਤਜਰਬਾ ਹੋਵੇ ਅਤੇ ਉਸ ਦਾ ਨੈਤਿਕ ਚਰਿੱਤਰ ਚੰਗਾ ਹੋਵੇ ਜਾਂ ਉਹ ਇੱਕ ਸੇਵਾਮੁਕਤ ਜਾਂ ਸੇਵਾ ਨਿਭਾ ਰਿਹਾ ਅਧਿਕਾਰੀ ਹੋਵੇ ਜੋ ਪੰਜਾਬ ਸਰਕਾਰ ਦੇ ਸਕੱਤਰ ਦੇ ਰੈਂਕ ਤੋਂ ਘੱਟ ਨਾ ਹੋਵੇ:

ਪਰੰਤੂ ਕੋਈ ਵੀ ਵਿਅਕਤੀ ਟ੍ਰਿਬਿਊਨਲ ਦੇ ਮੈਂਬਰ ਵਜੋਂ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ, ਜੇਕਰ ਉਹ ਪੰਜਾਬ ਰਾਜ ਵਿੱਚ ਕਿਸੇ ਵੀ ਨਗਰਪਾਲਕਾ ਦੇ ਮੈਂਬਰ ਦੇ ਤੌਰ ਤੇ ਚੁਣਿਆ ਜਾਂ ਨਾਮਜ਼ਦ ਕੀਤਾ ਗਿਆ ਹੈ:

ਪਰੰਤੂ ਇਹ ਹੋਰ ਕਿ ਕੋਈ ਵੀ ਵਿਅਕਤੀ ਜਿਸ ਦੀ ਉਮਰ ਸੱਤਰ ਸਾਲ ਦੀ ਹੋ ਚੁੱਕੀ ਹੈ, ਟ੍ਰਿਬਿਊਨਲ ਦੇ ਮੈਂਬਰ ਵਜੋਂ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ।

(5) ਟ੍ਰਿਬਿਊਨਲ ਦੇ ਪ੍ਰਧਾਨ ਅਤੇ ਮੈਂਬਰਾਂ ਦੇ ਅਹੁਦੇ ਦੀ ਅਉਧ ਦੋ ਸਾਲ ਹੋਵੇਗੀ:

ਪਰੰਤੂ ਦੋ ਸਾਲਾਂ ਦੀ ਅਉਧ ਗੁਜ਼ਰਣ ਤੇ, ਪ੍ਰਧਾਨ ਜਾਂ ਮੈਂਬਰ ਨੂੰ ਦੋ ਸਾਲਾਂ ਦੀ ਹੋਰ ਅਉਧ ਲਈ ਮੁੜ ਨਿਯੁਕਤ ਕੀਤਾ ਜਾ ਸਕਦਾ ਹੈ।

(6) ਸਰਕਾਰ ਟ੍ਰਿਬਿਊਨਲ ਦੇ ਪ੍ਰਧਾਨ ਜਾਂ ਮੈਂਬਰ ਨੂੰ ਹਟਾ ਸਕਦੀ ਹੈ ਜੇ ਅਜਿਹਾ ਪ੍ਰਧਾਨ ਜਾਂ ਮੈਂਬਰ–

(i) ਕਾਰਜ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਸਰਕਾਰ ਦੀ ਰਾਏ ਅਨੁਸਾਰ ਅਜਿਹੇ ਕਾਰਜ ਕਰਨ ਦੇ ਅਯੋਗ ਹੋ ਜਾਂਦਾ ਹੈ; ਜਾਂ

(ii) ਦਿਵਾਲੀਆ ਘੋਸ਼ਿਤ ਕੀਤਾ ਗਿਆ ਹੈ; ਜਾਂ

(iii) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਜਾਂ ਕਿਸੇ ਫ਼ੌਜਦਾਰੀ ਅਦਾਲਤ ਦੁਆਰਾ ਅਜਿਹੇ ਕਿਸੇ ਹੁਕਮ ਦੁਆਰਾ ਭਾਗੀ ਬਣਾਇਆ ਹੋਵੇ ਜੋ ਸਰਕਾਰ ਦੇ ਵਿਚਾਰ ਅਨੁਸਾਰ ਚਾਲ-ਚੱਲਣ ਦੀ ਤਰੁੱਟੀ ਅਰਥਾਵੀਂ ਹੈ ਅਤੇ ਜੋ ਉਸ ਨੂੰ ਟ੍ਰਿਬਿਊਨਲ ਦਾ ਪ੍ਰਧਾਨ ਜਾਂ ਮੈਂਬਰ ਦੇ ਤੌਰ ਤੇ ਰਹਿਣ ਦੇ ਅਯੋਗ ਬਣਾਉਂਦੀ ਹੈ; ਜਾਂ

(iv) ਅਧਿਸੂਚਨਾ ਦੁਆਰਾ ਰੁਜ਼ਗਾਰ ਲਈ ਨਾਕਾਬਲ ਘੋਸ਼ਿਤ ਕੀਤਾ ਗਿਆ ਹੈ ਜਾਂ ਜਨਤਕ ਸੇਵਾ ਤੋਂ ਬਰਖ਼ਾਸਤ ਕੀਤਾ ਗਿਆ ਹੈ ਅਤੇ ਰਾਜ ਸਰਕਾਰ ਦੇ ਵਿਚਾਰ ਵਿੱਚ, ਅਜਿਹੀ ਨਾਕਾਬਲੀਅਤ ਜਾਂ ਬਰਖ਼ਾਸਤਗੀ ਦਾ ਕਾਰਨ ਚਾਲ-ਚੱਲਣ ਦੀ ਤਰੁੱਟੀ ਹੈ ਜੋ ਉਸ ਨੂੰ ਟ੍ਰਿਬਿਊਨਲ ਦਾ ਪ੍ਰਧਾਨ ਜਾਂ ਮੈਂਬਰ ਹੋਣ ਤੋਂ ਅਯੋਗ ਬਣਾਉਂਦੀ ਹੈ।

(7) ਟ੍ਰਿਬਿਊਨਲ ਦੇ ਪ੍ਰਧਾਨ ਜਾਂ ਮੈਂਬਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜਿਵੇਂ ਸਰਕਾਰ ਦੁਆਰਾ ਉਲਿਖਤ ਕੀਤਾ ਗਿਆ ਹੋਵੇ।

ਨਗਰਪਾਲਕ ਸੰਪੱਤੀ ਤੋਂ ਬੇਦਖ਼ਲੀ।

18. (1) ਜਿੱਥੇ ਇੱਕ ਨਗਰਪਾਲਕ ਸੰਪਤੀ ਅਣਅਧਿਕਾਰਤ ਕਬਜ਼ੇ ਅਧੀਨ ਹੈ, ਤਾਂ ਨਗਰਪਾਲਕਾ ਦਾ ਅਧਿਕਾਰੀ ਇਸ ਐਕਟ ਦੀ ਧਾਰਾ 17 ਅਧੀਨ ਅਧਿਕਾਰਤ ਅਧਿਕਾਰੀ ਜਾਂ ਟ੍ਰਿਬਿਊਨਲ ਨੂੰ ਉਹਨਾਂ ਅਣ-ਅਧਿਕਾਰਤ ਕਬਜ਼ੇਦਾਰਾਂ ਦੀ ਬੇਦਖਲੀ ਲਈ ਹਵਾਲਾ ਦੇਵੇਗਾ।

(2) ਟ੍ਰਿਬਿਊਨਲ ਜਾਂ ਅਧਿਕਾਰੀ ਉਪ-ਧਾਰਾ (1) ਵਿੱਚ ਜ਼ਿਕਰ ਕੀਤਾ ਹਵਾਲਾ ਪ੍ਰਾਪਤ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਦੇ ਅੰਦਰ ਇੱਕ ਮੁਨਾਸਬ ਹੁਕਮ ਪਾਸ ਕਰੇਗਾ।

(3) ਟ੍ਰਿਬਿਊਨਲ ਜਾਂ ਅਧਿਕਾਰੀ ਦੁਆਰਾ ਪਾਸ ਕੀਤਾ ਗਿਆ ਬੇਦਖਲੀ ਹੁਕਮ ਅੰਤਿਮ ਹੋਵੇਗਾ।

(4) ਟ੍ਰਿਬਿਊਨਲ ਜਾਂ ਅਧਿਕਾਰੀ ਵੱਲੋਂ ਅਣ-ਅਧਿਕਾਰਤ ਕਬਜ਼ੇਦਾਰ ਦੀ ਬੇਦਖਲੀ ਨਿਰਦੇਸ਼ ਦਿੰਦੇ ਹਰੇਕ ਹੁਕਮ ਨੂੰ ਤਕਮੀਲ ਕਰਨ ਲਈ ਕੁਲੈਕਟਰ ਨੂੰ ਭੇਜਿਆ ਜਾਵੇਗਾ।

(5) ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਹੁਕਮ ਦੀ ਪ੍ਰਾਪਤੀ ਤੇ, ਕੁਲੈਕਟਰ ਜਾਂ ਉਸ ਵੱਲੋਂ ਇਸ ਨਮਿੱਤ ਅਧਿਕਾਰਤ ਕੋਈ ਹੋਰ ਅਧਿਕਾਰੀ ਜੋ ਕਿ ਕਾਰਜਕਾਰੀ ਮੈਜਿਸਟਰੇਟ ਦੇ ਅਹੁਦੇ ਤੋਂ ਘੱਟ ਨਾ ਹੋਵੇ, ਅਜਿਹੇ ਹੁਕਮ ਦੀ ਪ੍ਰਾਪਤੀ ਦੇ ਤੀਹ ਦਿਨਾਂ ਦੇ ਅੰਦਰ ਅਜਿਹੇ ਹੁਕਮ ਨੂੰ ਤਕਮੀਲ ਕਰਵਾਏਗਾ।

(6) ਟ੍ਰਿਬਿਊਨਲ ਜਾਂ ਅਧਿਕਾਰੀ ਦੇ ਹੁਕਮ ਦੀ ਪਾਲਣਾ ਵਜੋਂ ਇੱਕ ਸੰਪੱਤੀ ਦੇ ਖ਼ਾਲੀਕਰਨ ਦੇ ਅਨੁਸਰਣ ਵਿੱਚ, ਨਗਰਪਾਲਕਾ ਦਾ ਅਧਿਕਾਰੀ ਇਸ ਐਕਟ ਦੀ ਧਾਰਾ 3 ਅਧੀਨ ਅਜਿਹੀ ਸੰਪੱਤੀ ਨੂੰ ਨਗਰਪਾਲਕ ਸੰਪੱਤੀ ਦੇ ਤੌਰ ਤੇ ਨਿਸ਼ਾਨਦੇਹੀ ਅਤੇ ਅਧਿਸੂਚਿਤ ਕਰਵਾਏਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

19. ਜੇਕਰ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੇਸ਼ ਆਉਂਦੀ ਹੈ ਤਾਂ ਸਰਕਾਰ, ਸਰਕਾਰੀ ਗਜ਼ਟ ਵਿੱਚ ਉਚਿਤ ਢੰਗ ਨਾਲ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾਏਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਉਚਿਤ ਪ੍ਰਤੀਤ ਹੋਣ।

ਨਿਯਮ ਬਣਾਉਣ ਦੀ ਸ਼ਕਤੀ।

20. ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

ਦੀਵਾਨੀ ਅਦਾਲਤ ਦੀ ਅਧਿਕਾਰਤਾ ਤੇ ਰੋਕ।

21. ਦੀਵਾਨੀ ਅਦਾਲਤ ਨੂੰ ਕਿਸੇ ਮਾਮਲੇ ਦੇ ਸਬੰਧ ਵਿੱਚ ਕਿਸੇ ਦਾਵੇ ਜਾਂ ਕਾਰਵਾਈ ਨੂੰ ਵਿਚਾਰਨ ਦੀ ਅਧਿਕਾਰਤਾ ਨਹੀਂ ਹੋਵੇਗੀ, ਜਿਸ ਲਈ ਅਥਾਰਟੀ ਜਾਂ ਟ੍ਰਿਬਿਊਨਲ ਨੂੰ ਇਸ ਐਕਟ ਅਧੀਨ ਪ੍ਰਦਾਨ ਕੀਤੀ ਗਈ ਕਿਸੇ ਸ਼ਕਤੀ ਦੇ ਅਨੁਸਰਣ ਵਿੱਚ ਕਾਰਵਾਈ ਕਰਨ ਲਈ ਅਖਤਿਆਰਤ ਕੀਤਾ ਗਿਆ ਹੈ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

22. ਸਰਕਾਰ ਜਾਂ ਟ੍ਰਿਬਿਊਨਲ ਦੇ ਪ੍ਰਧਾਨ ਜਾਂ ਮੈਂਬਰ ਜਾਂ ਨਗਰਪਾਲਕਾ ਜਾਂ ਸਰਕਾਰ ਜਾਂ ਨਗਰਪਾਲਕਾ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਇਸ ਐਕਟ ਜਾਂ ਇਸ ਅਧੀਨ ਬਣਾਏ ਨਿਯਮਾਂ ਦੇ ਅਨੁਸਰਣ ਵਿੱਚ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਰਿਪੋਰਟ। 23. ਹਰੇਕ ਨਗਰਪਾਲਕਾ, ਜਿਸ ਵੱਲੋਂ ਇਸ ਐਕਟ ਦੇ ਅਨੁਸਰਣ ਵਿੱਚ ਨਗਰਪਾਲਕ ਸੰਪੱਤੀ ਦਾ ਤਬਾਦਲਾ ਕੀਤਾ ਗਿਆ ਹੈ, ਸਰਕਾਰ ਨੂੰ ਤਿਮਾਹੀ ਰਿਪੋਰਟ ਪੇਸ਼ ਕਰੇਗੀ, ਜਿਸ ਵਿੱਚ ਤਬਾਦਲਾ ਕੀਤੀ ਗਈ ਨਗਰਪਾਲਕ ਸੰਪੱਤੀ ਦੇ ਵੇਰਵੇ ਅਤੇ ਉਹਨਾਂ ਵਿਅਕਤੀਆਂ ਦੇ ਨਾਮ ਅਤੇ ਪਤੇ ਸਪੱਸ਼ਟ ਤੌਰ ਤੇ ਦਿੱਤੇ ਜਾਣਗੇ ਜਿਨ੍ਹਾਂ ਨੂੰ ਇਹ ਤਬਾਦਲਾ ਕੀਤੀਆਂ ਗਈਆਂ ਹਨ:

ਪਰੰਤੂ ਸਰਕਾਰ, ਕਿਸੇ ਸਮੇਂ ਇਸ ਐਕਟ ਅਧੀਨ ਕੀਤੀ ਗਈ ਜਾਂ ਜ਼ਰੂਰੀ ਕੀਤੀ ਗਈ ਕਿਸੇ ਵੀ ਕਾਰਵਾਈ ਬਾਬਤ ਜਿਸ ਦੀ ਲੋੜ ਹੋਵੇ, ਅਜਿਹੀ ਹੋਰ ਜਾਣਕਾਰੀ ਮੰਗ ਸਕਦੀ ਹੈ ਜੋ ਵੱਡੇ ਜਨਤਕ ਹਿੱਤ ਵਿੱਚ ਜ਼ਰੂਰੀ ਹੋਵੇ।

ਬਚਾਓ। 24. ਇਸ ਐਕਟ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਸਰਕਾਰ ਜਾਂ ਨਗਰਪਾਲਕਾ ਦਾ ਕਿਸੇ ਵੀ ਪਹਿਲਾਂ ਦੇ ਕਾਨੂੰਨ, ਨਿਯਮਾਂ, ਸਕੀਮਾਂ ਜਾਂ ਹਦਾਇਤਾਂ ਦੇ ਅਧੀਨ ਕਿਸੇ ਵੀ ਨਗਰਪਾਲਕ ਸੰਪੱਤੀ ਦੇ ਤਬਾਦਲੇ ਜਾਂ ਪ੍ਰਬੰਧਨ ਸਬੰਧੀ ਕੋਈ ਵੀ ਕਾਰਵਾਈ ਸਿਰਫ਼ ਇਸ ਐਕਟ ਦੇ ਬਣਾਉਣ ਦੇ ਆਧਾਰ ਤੇ ਨਜਾਇਜ਼ ਘੋਸ਼ਿਤ ਨਹੀਂ ਕੀਤੀ ਜਾਵੇਗੀ:

ਪਰੰਤੂ ਕਿਸੇ ਨਗਰਪਾਲਕ ਸੰਪੱਤੀ ਦੇ ਤਬਾਦਲੇ ਜਾਂ ਪ੍ਰਬੰਧਨ ਸਬੰਧੀ ਕੋਈ ਵੀ ਕਾਰਵਾਈ ਜੋ ਕਿ ਇਸ ਐਕਟ ਦੇ ਬਣਾਉਣ ਸਮੇਂ ਅਮਲ ਵਿੱਚ ਸੀ, ਨੂੰ ਇਸ ਐਕਟ ਦੇ ਉਪਬੰਧਾਂ ਅਨੁਸਾਰ ਅੱਗੇ ਜਾਰੀ ਰੱਖਿਆ ਜਾਵੇਗਾ।

ਅਧਿਲੰਘਣ। 25. ਇਸ ਐਕਟ ਦੇ ਅਰੰਭ ਹੋਣ ਤੇ ਅਤੇ ਬਾਅਦ ਵਿੱਚ, ਸਰਕਾਰ ਵੱਲੋਂ ਨਗਰਪਾਲਕ ਸੰਪੱਤੀ ਦੇ ਤਬਾਦਲੇ ਅਤੇ ਪ੍ਰਬੰਧਨ ਨਾਲ ਸਬੰਧਤ ਕਿਸੇ ਵੀ ਹੋਰ ਕਾਨੂੰਨ, ਜਿਸ ਵਿੱਚ ਪੰਜਾਬ ਨਗਰਪਾਲਕ ਐਕਟ, 1911, ਪੰਜਾਬ ਨਗਰ ਨਿਗਮ ਐਕਟ, 1976 ਅਤੇ ਪੰਜਾਬ ਨਗਰ ਸੁਧਾਰ ਐਕਟ, 1922 ਸ਼ਾਮਲ ਹੈ, ਅਧੀਨ ਜਾਰੀ ਕੀਤੀਆਂ ਸਾਰੀਆਂ ਅਧਿਸੂਚਨਾਵਾਂ, ਹਦਾਇਤਾਂ ਅਤੇ ਸਕੀਮਾਂ, ਮਨਸੂਖ ਹੋ ਜਾਣਗੀਆਂ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3508/9-2025/Pb. Govt. Press, S.A.S. Nagar*